ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 101
ਨੰਬਰ 20

੧੬ ਮੱਘਰ ਤੋਂ ੧ ਪੋਹ ੨੦੭੮ ਬਿ.
1 to 15 Dec 2021


# ਸਤਿਜੁਗ

ਚੜ੍ਹਿਆ ਸੋਧਣਿ ਧਰਤਿ ਲੁਕਾਈ ॥




10/-

# ਅੱਸੂ ਦੇ ਮੇਲੇ ਦੌਰਾਨ ਰਿਲੀਜ਼ ਹੋਈਆਂ ਪੁਸਤਕਾਂ















# ਸਤਿਜੁਗ

੧੬ ਮੱਘਰ ਤੋਂ ੧ ਪੋਹ ੨੦੭੮ ਬਿ.

1 ਤੋਂ 15 ਦਸੰਬਰ 2021 ਈ.

ਜਿਲਦ 101, ਨੰਬਰ 20



**ਸਲਾਹਕਾਰ ਮੈਂਬਰ**

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

**ਸੰਪਾਦਕ**

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***


# ਤਤਕਰਾ


* ਸੰਪਾਦਕੀ – ਫਿਰ ਉਠੀ ਆਖਰ ਸਦਾ.......
ਭਜਨ ਸਿੰਘ..........................................4

* ਗੁਰਬਾਣੀ ਵਿਆਖਿਆ.......................................6

* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ.......................8

* ਅੰਬਰ ਚੀਰਵੀਂ ਹੂਕ ਵਾਲਾ ਸਾਈਂ
ਗੁਰਭਜਨ ਸਿੰਘ ਗਿੱਲ................................9

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ............................18

* Guru Nanak The Voice of Peace, Unity and Thruth
Suvaran Singh Virk.......................................20

* Raga Naad, Nanak Bani and Gurmat Music
Harpal Singh Sewak.....................................26

* A Saga of Sri Satguru Jagjit Singh ji
Dr. Sharada Jayagovind .........................35

* ਕਾਵਿ-ਕਿਆਰੀ...........................................37

* ਖ਼ਬਰਨਾਮਾ................................................39

* ਪੁਸਤਕ ਰੀਵੀਊ (ਪੰਜਾਬੀ ਭਾਸ਼ਾ: ਸਮਕਾਲੀ ਚਣੌਤੀਆਂ).....41


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਫਿਰ ਉਠੀ ਆਖ਼ਰ ਸਦਾ...

ਆਪਣੇ ਸਮੇਂ ਨੂੰ ਇਨਕਲਾਬੀ ਮੋੜ ਦੇਣ ਵਾਲੇ ਮਹਾਂਪੁਰਸ਼ਾਂ ਨੂੰ ਹੀ ਯੁੱਗ-ਪੁਰਖ ਕਿਹਾ ਜਾਂਦਾ ਹੈ। ਲੋਕ ਐਸੇ ਮਹਾਂਪੁਰਖਾਂ ਨੂੰ ਹਮੇਸ਼ਾਂ ਯਾਦ ਰੱਖਦੇ ਹਨ, ਜਿਨ੍ਹਾਂ ਨੇ ਮਨੁੱਖਤਾ ਲਈ ਨਵਾਂ ਚਾਨਣ ਲਿਆਂਦਾ ਹੁੰਦਾ ਹੈ, ਜਿਹੜੀ ਨਵੀਂ ਤੇ ਸੁਖਾਵੀਂ ਜੀਵਨ-ਜਾਚ ਸਿਖਾਉਂਦੇ ਹਨ, ਜਿਹੜੇ ਖ਼ੁਦ ਦੁੱਖ ਸਹਿ ਕੇ ਲੋਕਾਂ ਨੂੰ ਕਸ਼ਟ-ਮੁਕਤ ਕਰਦਿਆਂ ਜੀਵਨ ਬਤੀਤ ਕਰਦੇ ਹਨ। ਲੋਕ ਯਾਦ ਰੱਖਦੇ ਹਨ, ਜੋ ਕੇਵਲ ਆਪਣੇ ਸਮਕਾਲੀਆਂ ਨੂੰ ਹੀ ਨਹੀਂ ਸਗੋਂ ਆਉਣ ਵਾਲੀਆਂ ਨਸਲਾਂ ਲਈ ਜ਼ਿੰਦਗੀ ਦੀਆਂ ਮੁਸੀਬਤਾਂ ਨਾਲ ਲੜਦੇ ਰਹਿਣ ਬਾਰੇ, ਸਦਾ ਚਲਦੇ ਰਹਿਣ ਬਾਰੇ, ਦੁੱਖਾਂ ਤੋਂ ਨਾ ਘਬਰਾ ਕੇ, ਹਾਰਾਂ ਵੱਲੋਂ ਬੇਧਿਆਨੇ ਹੋ ਕੇ, ਜਿੱਤਣ ਵਾਲੇ ਪਾਸੇ ਤੁਰਦੇ ਰਹਿਣ ਲਈ ਪ੍ਰੇਰਦੇ ਰਹਿੰਦੇ ਹਨ, ਉਹ ਅਮਰ ਹੁੰਦੇ ਹਨ।

ਸੰਸਾਰ ਪ੍ਰਸਿੱਧ ਵਿਚਾਰਵਾਨ ਐਮਰਸਨ ਲਿਖਦਾ ਹੈ ਕਿ ਮਹਾਂਪੁਰਖਾਂ ਦੀ ਘਾਲਣਾ ਹੁੰਦੀ ਹੈ ਕਿ ਵਡੇਰੇ ਮਹਾਂਪੁਰਖ ਪੈਦਾ ਹੁੰਦੇ ਰਹਿਣ। ਕੁਦਰਤ ਦੀ ਹੋਣੀ ਨੇ ਚੰਗਿਓਂ ਚੰਗੇਰੀ ਹੁੰਦੇ ਜਾਣਾ ਹੈ ਤੇ ਇਸ ਹੋਣੀ ਦੀ ਕੋਈ ਸੀਮਾ ਨਹੀਂ। ਮਨੁੱਖ ਨੇ ਹਰ ਪੱਖੋਂ ਕੁਦਰਤ ਨੂੰ ਸਿਧਾਣਾ ਹੈ ਤੇ ਮਹਾਂਪੁਰਖਾਂ ਦਾ ਕਰਤੱਵ ਹੈ ਕਿ ਉਹ ਸਾਇੰਸ ਤੇ ਸੰਗੀਤ (ਗਿਆਨ ਤੇ ਖ਼ੁਸ਼ੀ) ਦੇ ਬੀਜ ਹਰ ਪਾਸੇ ਖਿਲਾਰਦੇ ਜਾਣ ਤਾਂ ਜੋ ਸਾਡੀ ਧਰਤੀ ਦੇ ਜਲ ਤੇ ਪੌਣ, ਅਨਾਜ ਤੇ ਜੀਵ ਜੰਤੂ ਅਤੇ ਸਾਰੇ ਮਨੁੱਖ ਦਿਨੋ-ਦਿਨ ਵਧੇਰੇ ਸੁਖਾਵੇਂ ਹੁੰਦੇ ਜਾਣ ਤੇ ਪਰਸਪਰ ਪਿਆਰ ਤੇ ਲਾਭ ਦੇ ਅੰਸ਼ ਜ਼ਿੰਦਗੀ ਵਿੱਚ ਨਿੱਤ ਵਧਦੇ ਜਾਣ।

ਕਿਸੇ ਮਹਾਂਪੁਰਖ ਨੂੰ ਯੁੱਗ ਪੁਰਖ ਬਣਾਉਣ ਦਾ ਸਬੰਧ ਉਸ ਦੇ ਸਮਕਾਲ ਵਿੱਚ ਵਾਪਰਦੀਆਂ ਘਟਨਾਵਾਂ, ਰਾਜਨੀਤਕ, ਸਮਾਜਕ ਤੇ ਧਾਰਮਕ ਵਾਅ-ਮੰਡਲ ਪ੍ਰਤੀ ਉਸ ਦੇ ਪ੍ਰਤੀਕਰਮ ਵਜੋਂ ਵੇਖਿਆ ਜਾਂਦਾ ਹੈ। ਇਸੇ ਕਸੌਟੀ ’ਤੇ ਪਰਖਿਆਂ ਗੁਰੂ ਨਾਨਕ ਨਿਰਸੰਦੇਹ ਆਪਣੇ ਸਮੇਂ ਦੇ ਨਹੀਂ ਸਗੋਂ ਯੁੱਗ ਦੇ ਮਹਾਨ ਪੁਰਖ ਪ੍ਰਤੀਤ ਹੁੰਦੇ ਹਨ।

ਗੁਰੂ ਨਾਨਕ ਦੀ ਆਮਦ ਸਮੇਂ ਭਾਰਤ ’ਤੇ ਵਿਦੇਸ਼ੀ ਹਾਕਮਾਂ ਦਾ ਰਾਜ ਸੀ। ਸ਼ੀਹਾਂ, ਬਘਿਆੜਾਂ ਤੇ ਕੁੱਤਿਆਂ ਵਰਗੇ ਮਾਰ-ਖੋਰੇ ਸੁਭਾਅ ਵਾਲੇ ਰਾਜੇ ਲੋਕਾਂ ਨੂੰ ਦੁੱਖ ਦੇ ਰਹੇ ਸਨ। ਵਹਿਮਾਂ-ਭਰਮਾਂ ਤੇ ਕੇਵਲ ਕਰਮ-ਕਾਂਡਾਂ ਨੂੰ ਹੀ ਧਰਮ ਦਾ ਨਾਂ ਦਿੱਤਾ ਹੋਇਆ ਸੀ। ਭਾਰਤ ਵਿੱਚ ਵਸਦੇ ਦੋਵੇਂ ਮੁੱਖ ਧਰਮ ਇਕ ਦੂਜੇ ਨੂੰ ਵੇਖ ਨਹੀਂ ਸਨ ਸਖਾਉਂਦੇ। ਮੁਸਲਮਾਨ, ਹਿੰਦੂਆਂ ਨੂੰ ਕਾਫ਼ਰ ਅਤੇ ਹਿੰਦੂ, ਮੁਸਲਮਾਨਾਂ ਨੂੰ ਮਲੇਛ ਕਹਿ ਕੇ ਤ੍ਰਿਸਕਾਰਦੇ ਸਨ। ਗੁਰੂ ਨਾਨਕ ਖ਼ੁਦ ਰਾਗ ਮਾਝ ਦੀ ਵਾਰ ਵਿੱਚ ਲਿਖਦੇ ਹਨ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਗੁਰੂ ਨਾਨਕ ਪਤਝੜ ਰੂਪੀ ਵਾਅ-ਮੰਡਲ ਵਿੱਚ ਬਸੰਤ ਰੁੱਤ ਬਣ ਆਏ, ਜਿਵੇਂ ਮੱਸਿਆ ਦੀ ਕਾਲੀ-ਬੋਲ਼ੀ ਤੇ

ਗੂੜ੍ਹੀ ਹਨ੍ਹੇਰੀ ਰਾਤ ਤੋਂ ਮਗਰੋਂ ਪੁੰਨਿਆ ਆਉਂਦੀ ਹੈ। ਦੁਨੀਆਂ ਦੇ ਇਤਿਹਾਸ ਵਿੱਚ ਗੁਰੂ ਨਾਨਕ ਐਸੇ ਮਹਾਂਪੁਰਖ ਹੋਏ ਹਨ, ਜਿਨ੍ਹਾਂ 'ਤੇ ਉਨ੍ਹਾਂ ਦੇ ਸਮਕਾਲ ਦੀਆਂ ਦੋਵੇਂ ਕੌਮਾਂ ਆਪਣਾ-ਆਪਣਾ ਹੱਕ ਸਥਾਪਤ ਕਰਦੀਆਂ ਸਨ। ਉਹ ਜਿੰਨਾ ਆਦਰ ਹਿੰਦੂਆਂ ਨੂੰ ਦਿੰਦੇ ਓਨਾ ਹੀ ਮੁਸਲਮਾਨਾਂ ਨੂੰ, ਉਹ ਹਰ ਇੱਕ ਦਾ ਭਲਾ ਲੋਚਦੇ, ਉਹ ਹਿੰਦੂ ਨੂੰ ਚੰਗਾ ਹਿੰਦੂ ਤੇ ਮੁਸਲਮਾਨ ਨੂੰ ਚੰਗੇ ਮੁਸਲਮਾਨ ਬਣਨ ਦਾ ਸੰਦੇਸ਼ ਦਿੰਦੇ, ਉਹ ਚੰਗੇ ਇਨਸਾਨ ਅਤੇ ਚੰਗਾ ਸਮਾਜ ਸਿਰਜਣ ਦੇ ਹਮਾਇਤੀ ਸਨ। ਗੁਰੂ ਨਾਨਕ ਦੇ ਸਰਬ ਸਾਂਝੇ ਸੰਦੇਸ਼ ਸਦਕਾ ਹੀ ਉਨ੍ਹਾਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣਾ-ਆਪਣਾ ਆਖਿਆ-

ਨਾਨਕ ਸ਼ਾਹ ਫ਼ਕੀਰ।
ਹਿੰਦੂਆਂ ਦਾ ਗੁਰੂ, ਮੁਸਲਮਾਨਾਂ ਦਾ ਪੀਰ।

ਉਨ੍ਹਾਂ ਦਾ ਸੰਦੇਸ਼ ਸਾਂਝੀਵਾਲਤਾ ਦਾ ਸੰਦੇਸ਼ ਸੀ, ਕਿਰਤ ਕਰਨਾ, ਇਨਸਾਨੀ ਬਰਾਬਰੀ, ਮਨੁੱਖਤਾ ਨਾਲ ਪਿਆਰ, ਜਮਹੂਰੀਅਤ, ਸੰਗਤ, ਇਕ ਪਰਿਵਾਰ, ਬੁੱਧ ਵਿਵੇਕ ਤੇ ਕੁਦਰਤ ਦੀ ਖ਼ੂਬਸੂਰਤੀ ਨੂੰ ਬਰਕਰਾਰ ਰੱਖਣ ਦਾ ਸੰਦੇਸ਼ ਸੀ। ਉਨ੍ਹਾਂ ਦੇ ਸੰਦੇਸ਼ ਦਾ ਕਲਾਵਾ ਹਿੰਦੂ-ਮੁਸਲਮਾਨਾਂ ਜਾਂ ਮਨੁੱਖਤਾ ਤੱਕ ਹੀ ਸੀਮਤ ਨਹੀਂ ਸੀ, ਸਗੋਂ ਉਹ ਸਮੁੱਚੀ ਕਾਇਨਾਤ ਨਾਲ ਪਿਆਰ ਕਰਨ ਵਾਲੇ ਤੇ ਸਮੁੱਚੀ ਕੁਦਰਤ ਦਾ ਭਲਾ ਮੰਗਣ ਵਾਲੇ ਸਨ। ਉਹ ਪਸ਼ੂ-ਪੰਛੀਆਂ, ਜੀਵ-ਜੰਤੂਆਂ ਨੂੰ ਵੀ ਉਸੇ ਕਦਰ ਮੁਹੱਬਤ ਕਰਦੇ ਸਨ, ਜਿਸ ਕਦਰ ਮਨੁੱਖਾਂ ਨੂੰ। ਉਨ੍ਹਾਂ ਦੇ ਸਰਬੱਤ ਦੇ ਭਲੇ ਵਿੱਚ ਸਮੁੱਚੀ ਕਾਇਨਾਤ ਆਉਂਦੀ ਸੀ।

ਗੁਰੂ ਨਾਨਕ ਨੇ ਆਪਣੇ ਸਮੇਂ ਦੇ ਹਾਕਮਾਂ, ਪੰਡਤਾਂ, ਮੌਲਾਣਿਆਂ, ਕਾਜ਼ੀਆਂ, ਸਿੱਧਾਂ ਆਦਿ ਨਾਲ ਸੰਵਾਦ ਰਚਾਇਆ। ਉਨ੍ਹਾਂ ਨੇ ਚੰਗੇ ਸਮਾਜ ਦੀ ਸਿਰਜਣਾ ਹਿੱਤ ਵੱਡੀ ਤੋਂ ਵੱਡੀ ਮੁਸੀਬਤ ਨਾਲ ਆਹਢਾ ਲੈਣ ਤੋਂ ਵੀ ਗੁਰੇਜ਼ ਨਹੀਂ ਕੀਤਾ, ਚੁੱਪ ਨਹੀਂ ਸਾਧੀ, ਸਗੋਂ ਆਪਣੇ ਸਮਕਾਲ ਬਾਰੇ ਆਪਣੀ ਬਾਣੀ ਵਿੱਚ ਜ਼ਿਕਰ ਕੀਤਾ। ਉਹ ਲੋਕਾਂ 'ਤੇ ਜ਼ੁਲਮ ਕਰਕੇ ਖ਼ੂਨ ਦੀਆਂ ਨਦੀਆਂ ਵਹਾ ਕੇ ਲੱਖਾਂ ਘਰਾਂ ਦੇ ਦੀਵੇ ਬੁਝਾ ਕੇ ਹਾਕਮ ਸਥਾਪਤ ਹੋਏ ਹੁਕਮਰਾਨ ਬਾਬਰ ਬਾਰੇ ਲਿਖਦੇ ਹਨ-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥

ਸਦੀਆਂ ਤੋਂ ਨਿਰਾਦਰ ਸਹਾਰਦੇ ਮਰਦ ਵੱਲੋਂ ਦਾਸੀ ਬਣਾ ਕੇ ਰੱਖੀ ਤੇ ਸਿੱਧਾਂ ਜੋਗੀਆਂ ਵੱਲੋਂ ਬਘਿਆੜੀ ਵਰਗੇ ਵਿਸ਼ੇਸ਼ਣਾਂ ਨਾਲ ਤ੍ਰਿਸਕਾਰ ਝੱਲ ਰਹੀ ਔਰਤ ਦੇ ਹੱਕ ਵਿਚ ਆਵਾਜ਼ ਉਠਾਈ। ਆਪਣੇ ਸਮਕਾਲ ਨੂੰ ਦੱਸਿਆ ਕਿ ਜਿਸ ਮਰਦ ਨੂੰ ਤੁਸੀਂ ਰਾਜਾ ਜਾਂ ਮਹਾਰਾਜਾ ਬਣਾ ਕੇ ਪੂਜਦੇ ਤੇ ਉਸ ਦਾ ਹੁਕਮ ਮੰਨਦੇ ਹੋ, ਉਹ ਇਸੇ ਔਰਤ ਦਾ ਹੀ ਜਣਿਆ ਹੈ-

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਪ੍ਰਚੱਲਿਤ ਸਮਾਜਿਕ ਤੇ ਧਾਰਮਿਕ ਰੀਤਾਂ ਜੋ ਵੇਲਾ ਵਿਹਾਅ ਕੇ ਬੋਦੀਆਂ ਹੋ ਚੁੱਕੀਆਂ ਸਨ, ਉਨ੍ਹਾਂ ਨੂੰ ਨਿੰਦਿਆ ਅਤੇ ਛੱਡਣ ਲਈ ਆਖਿਆ। ਸਮੁੱਚੇ ਪਾਖੰਡਾਂ ਤੇ ਅੰਨ੍ਹੇ ਵਿਸ਼ਵਾਸਾਂ ਦਾ ਖੰਡਨ ਕੀਤਾ। ਪੰਡਤਾਂ, ਮੌਲਾਣਿਆਂ ਦੇ ਪਾਏ ਭੁਲੇਖਿਆਂ ਦੀ ਗ੍ਰਿਫਤ ਵਿਚੋਂ ਆਮ ਲੋਕਾਂ ਨੂੰ ਕੱਢਿਆ ਹੀ ਨਹੀਂ, ਸਗੋਂ ਸਹੀ ਰਸਤਾ ਵੀ ਵਿਖਾਇਆ। ਇਹ ਕੋਈ ਸੌਖਾ ਕੰਮ ਨਹੀਂ ਸੀ। ਜਿਨ੍ਹਾਂ ਵਹਿਮਾਂ-ਭਰਮਾਂ ਅਤੇ ਫੋਕੇ ਕਰਮ-ਕਾਂਡਾਂ, ਰਸਮਾਂ-ਰਿਵਾਜਾਂ ਬਾਰੇ ਅੱਜ 21 ਵੀਂ ਸਦੀ ਜਾਂ ਵਿਗਿਆਨਕ ਸਦੀ ਦੌਰਾਨ ਕਹਿਣਾ ਵੀ ਮੁਸ਼ਕਲ ਲੱਗਦਾ ਹੈ, ਉਹ ਆਵਾਜ਼ ਅੱਜ ਤੋਂ ਸਵਾ ਪੰਜ ਸੌ ਵਰ੍ਹੇ ਪਹਿਲਾਂ ਗੁਰੂ ਨਾਨਕ ਸਾਹਿਬ ਨੇ ਉਠਾਈ ਸੀ। ਉਰਦੂ ਦਾ ਮਸ਼ਹੂਰ ਸ਼ਾਇਰ ਲਿਖਦਾ ਹੈ-

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖ਼ੁਆਬ ਸੇ।

ਸੱਚਮੁੱਚ ਗੁਰੂ ਨਾਨਕ ਨੇ ਸੁੱਤੇ ਹੋਏ ਭਾਰਤੀਆਂ ਨੂੰ ਟੁੰਬ ਕੇ ਜਗਾਇਆ। ਗੁਰੂ ਨਾਨਕ ਦਾ ਸੰਦੇਸ਼ ਅੱਜ ਇੱਕੀਵੀਂ ਸਦੀ ਵਿੱਚ ਵੀ ਉਸੇ ਤਰ੍ਹਾਂ ਸਾਰਥਕ ਹੈ। ਸਾਨੂੰ ਅੱਜ ਵੀ ਗੁਰੂ ਨਾਨਕ ਸਾਹਿਬ ਦੇ ਚਿੰਤਨ ਨੂੰ ਵਿਚਾਰਨ ਦੀ ਲੋੜ ਹੈ। ਅੱਜ ਵੀ ਅਸੀਂ ਵਹਿਮਾਂ-ਭਰਮਾਂ ਤੇ ਫੋਕੇ ਰਸਮਾਂ-ਰਿਵਾਜਾਂ ਦੇ ਸ਼ਿਕਾਰ ਹਾਂ। ਗੁਰੂ ਨਾਨਕ ਦੇ ਕੁਦਰਤ ਪ੍ਰੇਮ ਦੇ ਸੰਕਲਪ ਨੂੰ ਅਸੀਂ ਆਪਣੀ ਜ਼ਿੰਦਗੀ ਵਿੱਚ ਅਪਣਾ ਕੇ ਹੀ ਆਪਣੇ ਹਵਾ, ਪਾਣੀ, ਪਹਾੜ, ਨਦੀਆਂ, ਦਰਿਆਵਾਂ ਆਦਿ ਨੂੰ ਦੂਸ਼ਿਤ ਹੋਣੋਂ ਬਚਾ ਸਕਦੇ ਹਾਂ।

**- ਭਜਨ ਸਿੰਘ, 99884-45538**

# ਗੁਰਬਾਣੀ ਵਿਆਖਿਆ– ਜਪੁ ਸਾਹਿਬ

**ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥**

ਇੱਕ ਮਾਲਕ ਅਥਵਾ ਮਾਇਆ ਤੋਂ ਤਿੰਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ, ਸ਼ਿਵ ਦੀ ਪੈਦਾਇਸ਼ ਹੋਈ।

All the three demi-Gods, *Brahma*, *Vishnu* and *Shiva*, were born (from that one God) through His illusion (*Maya*).

**ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥**

ਉਹਨਾਂ ਵਿੱਚੋਂ ਇੱਕ ਪੈਦਾ ਕਰਨ ਵਾਲਾ (ਬ੍ਰਹਮਾ), ਇੱਕ ਰਿਜ਼ਕ ਦੇਣ ਵਾਲਾ (ਵਿਸ਼ਨੂੰ) ਅਤੇ ਇੱਕ ਸ੍ਰਿਸ਼ਟੀ ਨੂੰ ਖਤਮ ਕਰਨ ਵਾਲਾ (ਸ਼ਿਵ) ਹੈ।

Among them, one is the Creator (*Brahma*), one is the Giver (*Vishnu*) and one is the Destroyer (*Shiva*).

**ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥**

ਜਿਵੇਂ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ਅਤੇ ਜਿਵੇਂ ਉਹ ਹੁਕਮ ਕਰਦਾ ਹੈ, ਉਵੇਂ ਹੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ।

God runs the world as per His will and command.

**ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥**

ਇਹ ਵੱਡੀ ਹੈਰਾਨੀ ਹੈ ਕਿ ਉਹ ਪ੍ਰਭੂ ਤਾਂ ਸਭ ਨੂੰ ਵੇਖਦਾ ਹੈ, ਪਰ ਜੀਵ ਉਸਨੂੰ ਨਹੀਂ ਵੇਖ ਸਕਦੇ।

It is surprising that God can see everyone, but mortal beings cannot see Him.

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

Salutations, only to that God

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ਼ ਰਹਿਤ ਹੈ ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

who has been in existence since the beginning, who is pure,

who has no start, no end, and who exists in the same form across all the ages.

**ਆਸਣੁ ਲੋਇ ਲੋਇ ਭੰਡਾਰ ॥**

ਹਰੇਕ ਲੋਕ ਵਿੱਚ ਪ੍ਰਭੂ ਦੇ ਭੰਡਾਰੇ ਹਨ।

God's seat (authority) and storehouses (resources) are present in all the worlds.

**ਜੋ ਕਿਛੁ ਪਾਇਆ ਸੁ ਏਕਾ ਵਾਰ ॥**

ਜੋ ਕੁਝ ਵੀ ਉਹਨਾਂ ਵਿੱਚ ਪਾਇਆ ਹੈ, ਉਹ ਇੱਕੋ ਵਾਰੀ ਹੀ ਪਾਇਆ ਹੈ, ਉਹ ਹੁਣ ਤੱਕ ਮੁੱਕਿਆ ਨਹੀਂ।

whatever was put in them, was put only once.

**ਕਰਿ ਕਰਿ ਵੇਖੈ ਸਿਰਜਣਹਾਰੁ ॥**

ਸਾਰੇ ਸੰਸਾਰ ਨੂੰ ਰਚ ਕੇ ਪ੍ਰਭੂ ਇਸ ਨੂੰ ਵੇਖ ਰਿਹਾ ਹੈ।

God watches over the world after creating it.

**ਨਾਨਕ ਸਚੇ ਕੀ ਸਾਚੀ ਕਾਰ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਸ ਹਰੀ ਦੇ ਕੰਮ ਸੱਚੇ ਹਨ।

*Satguru Nanak* says that God's work is true.

**ਆਦੇਸੁ ਤਿਸੈ ਆਦੇਸੁ ॥**

ਕੇਵਲ ਉਸ ਪ੍ਰਭੂ ਨੂੰ ਨਮਸਕਾਰ ਕਰੋ।

Salutations, only to that God

**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥**

ਜੋ ਮੁੱਢ ਤੋਂ ਹੈ, ਜੋ ਪਵਿੱਤਰ ਹੈ, ਜੋ ਆਰੰਭ ਰਹਿਤ ਹੈ, ਜੋ ਨਾਸ਼ ਰਹਿਤ ਹੈ

ਅਤੇ ਜੋ ਹਰੇਕ ਯੁੱਗ ਵਿੱਚ ਇੱਕੋ ਵੇਸ ਵਾਲਾ ਹੈ।

who has been in existence since the beginning, who is pure,

who has no start, no end, and who exists in the same form across all the ages.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

## ਸਰਬੱਤ ਦਾ ਭਲਾ



ਸੱਪਾਂ ਦਾ ਭੀ ਭਲਾ ਹੈ, ਮੁਰਗਿਆਂ ਦਾ ਵੀ ਭਲਾ ਹੈ।

**ਨਾਨਕ ਨਾਮ ਚੜ੍ਹਦੀ ਕਲਾ**
**ਤੇਰੇ ਭਾਣੇ ਸਰਬੱਤ ਦਾ ਭਲਾ।**

ਜੇ ਸਾਰਿਆਂ ਦਾ ਭਲਾ ਨਹੀਂ, ਤਾਂ ਸਾਡਾ ਗੁਰੂ-ਅਸੀਂ ਉਸਨੂੰ ਅਕਾਲ ਪੁਰਖ ਨਹੀਂ ਜਾਣਦੇ। ਗੁਰੂ ਤਾਂ ਸਾਡਾ ਅਕਾਲ ਪੁਰਖ ਹੈ, ਪਰ ਸਾਡੀ ਮਤ ਛੋਟੀ ਹੈ। ਸਾਨੂੰ ਉਸਨੂੰ ਛੋਟਾ ਬਣਾ ਕੇ ਨਹੀਂ ਦਿਖਾਉਣਾ ਚਾਹੀਦਾ। ਸਾਡਾ ਸਤਿਗੁਰੂ ਜਦੋਂ ਦੁਨੀਆਂ ਨਹੀਂ ਸੀ, ਉਦੋਂ ਵੀ ਸੀ, ਜਦੋਂ ਨਹੀਂ ਹੋਏਗੀ, ਉਦੋਂ ਵੀ ਹੋਵੇਗਾ। ਹਰ ਵੇਲੇ ਉਹ ਰਹਿੰਦਾ ਹੈ, ਹਰ ਵੇਲੇ ਸਭ ਕੁਛ ਦੇਖਦਾ ਹੈ। ਅਰਦਾਸ ਕਰਿਆ ਕਰੋ-ਕਲਜੁਗ ਦਾ ਸਮਾਂ ਹੈ, ਸਚਿਆ ਪਾਤਸ਼ਾਹ ! ਸਾਡੇ ਤੇ ਬਖਸ਼ ਦਾ ਦਰਵਾਜ਼ਾ ਖੋਲ, ਅਸੀਂ ਗਿਣਤੀਆਂ ਨਾਲ ਨਹੀਂ ਛੁੱਟ ਸਕਦੇ। ਤੁਹਾਨੂੰ ਚਾਹੀਦੈ ਇਹ ਨਾ ਦੇਖੋ, ਜਿਹਦੇ-ਗੁਰੂ ਨਾਨਕ ਦੇ, ਕਹਾਉਂਦੇ ਹੋ, ਉਹ ਤੇ ਕਹਿੰਦਾ ਹੈ-

**ਬੁਰਿਆ ਨਾਲ ਸਭ ਕਰਨ ਬੁਰਿਆਈ**
**ਮਾਫ ਕਰਨ ਕਈ ਸਿਆਣੇ।**

ਮੇਰੇ ਨਾਲ ਲੋਕ ਬੁਰਿਆਈ ਕਰਦੇ ਨੇ ਚੁੱਪ ਕਰ ਲੈਂਦਾ ਹੈ, ਮਾਫ ਕਾਹਦਾ ਕਰਨਾ, ਡਰਦਾ ਚਿਤ ਰਹਿੰਦਾ ਹੈ।

**ਬੁਰਿਆਂ ਨਾਲ ਜੋ ਨੇਕੀ ਕਰਨੀ ਇਹ ਗੁਰੂ ਨਾਨਕ ਜਾਣੇ।**

ਗੁਰੂ ਨਾਨਕ ਦਾ ਘਰ ਹੈ। ਤੁਸੀਂ ਗੁਰੂ ਨਾਨਕ ਦੇ ਸਿੱਖ ਤਾਂ ਬਣੋਗੇ। ਜੇ ਬੁਰਿਆਂ ਨਾਲ ਨੇਕੀ ਕਰੋਗੇ। ਜਿਸ ਦਿਨ ਨੇਕੀ ਕਰੋਗੇ ਤਾਂ ਜਿੱਤ ਜਾਉਗੇ। ਮੇਰੀ ਅਰਜ਼ ਹੈ, ਸਾਡੇ ਗੁਰਪੁਰਬ ਮਨਾਉਣੇ, ਸਾਡੀਆਂ ਕਥਾ ਸੁਣਨੀਆਂ, ਸਾਡਾ ਕੀਰਤਨ ਕਰਨਾ, ਸਾਡਾ ਗੁਰਬਾਣੀ ਨੂੰ ਮੱਥਾ ਟੇਕਣਾ, ਯਾ ਪੜ੍ਹਨਾ ਯਾ ਕਰਨਾ, ਤਾਂ ਹੀ ਹੈ ਜੇ ਅਸੀਂ ਕੋਈ ਗੱਲ, ਕੋਈ ਚੀਜ਼ ਵਿੱਚੋਂ......। ਜੇ ਤੁਸੀਂ ਇੱਕ ਸਾਲ 'ਚ ਇੱਕ ਇੱਕ ਕਮਰਾ ਬਣਾਉਂਦੇ ਬਣਾਉਂਦੇ ਕਿੱਡੀਆਂ ਕਿੱਡੀਆਂ ਕੋਠੀਆਂ ਬਣਾ ਲੈਂਦੇ ਹੋ-ਇਹ ਵੀ ਇੱਕ ਕਮਰਾ ਜਾਣ ਕੇ ਬਣਾ ਲਿਆ ਕਰੋ ਐਦਕੀ ਮੈਂ ਜਪੁ ਸਾਹਿਬ ਕੰਠ ਕਰ ਲੈਣਾ ਹੈ-ਐਦਕਾਂ ਮੈਂ ਏਨਾਂ ਚਿਰ ਭਜਨ ਕਰਨਾਂ ਹੈ-ਐਦਕਾਂ ਮੈਂ ਘੰਟਾ ਬਹਿ ਕੇ ਭਜਨ ਕਰਨਾ ਹੈ- ਐਦਕਾਂ ਮੈਂ ਹਜ਼ਾਰੇ ਕੰਠ ਕਰ ਲੈਣੇ ਨੇ ਐਦਕਾਂ ਰਹਿਰਾਸ ਕੰਠ ਕਰ ਲੈਣੀ ਹੈ-ਐਦਕਾਂ ਮੈਂ ਪੰਜ ਰੁਪਈਏ ਰੱਖ ਲੈਣੇ।

..........................................................................

# ਅੰਬਰ ਚੀਰਵੀਂ ਹੂਕ ਵਾਲਾ ਸਾਈਂ



**ਗੁਰਭਜਨ ਸਿੰਘ ਗਿੱਲ**
**98726-31199**

ਸੰਤ ਰਾਮ ਉਦਾਸੀ ਕੋਲ ਅੰਬਰ ਚੀਰਵੀਂ ਹੂਕ ਸੀ, ਅੰਬਰੀਂ ਨਹੀਂ। ਧਰਤੀ ਪੁੱਤਰ ਸੀ ਨਾ। ਉਸ ਦੇ ਦੁੱਖ ਸੁੱਖ ਵਿਚ ਗੁੰਨ੍ਹੀ ਚੀਨੀ ਮਿੱਟੀ ਵਰਗਾ ਸਿਦਕ ਸੀ, ਕੁੱਟਿਆਂ ਵੀ ਨਾ ਭੁਰਨ ਵਾਲਾ। ਸਨੇਹੀ ਮਿੱਟੀ, ਪੈਰ ਪੈਰ ਤੇ ਨਾਲ ਤੁਰਨ ਵਾਲੀ ਮਿੱਟੀ ਵਰਗਾ। ਕੱਚੇ ਵਿਹੜਿਆਂ ਦਾ ਜਾਇਆ, ਉੱਚ ਦੁਮਾਲੜਾ ਬੁਰਜ। ਉਸਦੀ ਆਭਾ ਸਾਹਮਣੇ ਬਹੁਤੇ ਸ਼ਾਇਰ ਬੌਣਾ ਮਹਿਸੂਸ ਕਰਦੇ। ਉਸ ਦੇ ਆਦਰ-ਮਾਣ ਵੇਲੇ ਵੰਨ ਸੁਵੰਨੀਆਂ ਟਿੱਚਰਾਂ ਕਰਦੇ। ਮੈਂ ਅੱਖੀਂ ਵੇਖਿਆ, ਪੰਜਾਬੀ ਭਵਨ ਲੁਧਿਆਣਾ ਦੇ ਵਿਹੜੇ ਵਿਚ ਜਦੋਂ 1984 ’ਚ ਸੰਤ ਰਾਮ ਉਦਾਸੀ ਨੂੰ ਪ੍ਰੋ: ਮੋਹਨ ਸਿੰਘ ਮੇਲਾ ਕਮੇਟੀ ਵੱਲੋਂ ਸਿੱਕਿਆਂ ਨਾਲ ਤੋਲਿਆ ਗਿਆ ਤਾਂ ਇਕ ਵੱਡੇ ਇਨਕਲਾਬੀ ਸ਼ਾਇਰ ਨੇ ਆਪਣੀ ਹੈਂਕੜਬਾਜ਼ ਆਵਾਜ਼ ’ਚ ਕਿਹਾ, “ਉਇ ਉਦਾਸੀ 100 ਰੁਪਏ ਦੀ ਭਾਨ ਤਾਂ ਦੇਵੀਂ।” ਉਦਾਸੀ ਸਿਰਫ਼ ਮਿੰਨਾ ਮੁਸਕਰਾਇਆ ਸੀ। ਇਸ “ਉਇ ਉਦਾਸੀ” ਵਿੱਚ ਅਭਿਮਾਨ ਸੀ ਤੇ “100 ਰੁਪਏ ਦੀ ਭਾਨ” ਵਿਚ ਆਪਣੀ ਜੇਬ ’ਚ ਅਮਰੀਕਨ ਡਾਲਰਾਂ ਦੇ ਭਾਰਤੀ ਰੁਪ ਦਾ ਘੁਮੰਡ ਸੀ। ਮੈਂ ਉਸ ਸ਼ਾਇਰ ਨੂੰ ਉਦੋਂ ਵੀ ਇਹੀ ਕਿਹਾ ਸੀ, “ਸ਼ਾਇਰ ਦਾ ਏਦਾਂ ਮਜ਼ਾਕ ਨਹੀਂ ਉਡਾਈਦਾ। ਇਸ ’ਚੋਂ ਆਪਣੀ ਜ਼ਿਹਨੀ ਗਰੀਬੀ ਵੀ ਝਲਕਦੀ ਹੈ।” ਮੈਨੂੰ ਤਾਂ ਮਗਰੋਂ ਪਤਾ ਲੱਗਾ ਕਿ ਇਹ ਖੱਖੜੀਆਂ ਖ਼ਰਬੂਜੇ ਹੋ ਚੁੱਕੀ ਕਮਿਊਨਿਸਟ ਮਾਨਸਿਕਤਾ ਦੀ ਰਹਿੰਦ ਖੂੰਹਦ ਦਾ ਗੁੱਭ ਗਲਾਟ ਵਰਗਾ ਪ੍ਰਗਟਾਵਾ ਸੀ, ਇਸ ਤੋਂ ਵੱਧ ਕੁਝ ਨਹੀਂ ਸੀ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਦੋਂ 1971 ’ਚ ਮੈਂ ਲੁਧਿਆਣੇ ਆਇਆ ਤਾਂ ਇਨਕਲਾਬੀ ਸਫ਼ਾਂ ਲਗਭਗ ਉੱਖੜ ਰਹੀਆਂ ਸਨ। ਡਾ. ਹਰਿਭਜਨ ਸਿੰਘ ਵਰਗੇ ਸ਼ਾਇਰ ਸੁਰਖ਼ ਫਰੇਰੇ ਨੂੰ ‘ਲਾਲ ਟਾਕੀ’ ਹੋਣ ਦਾ ਮਿਹਣਾ ਮਾਰ ਰਹੇ ਸਨ। ਕਈ ਇਨਕਲਾਬੀ ਵੀ ਜੇਲ੍ਹਾਂ 'ਚੋਂ ਪਰਤ ਕੇ ਰੁਜ਼ਗਾਰ ਕਮਾਉਣ ਲਈ ‘ਊੜਾ ਐੜਾ’ ਸਿੱਖ ਰਹੇ ਸਨ। ਕੋਈ ਜੇ.ਬੀ.ਟੀ. ਦੇ ਨੋਟਿਸ ਇਕੱਠੇ ਕਰ ਰਿਹਾ ਸੀ। ਕੋਈ ਮਹਿਬੂਬਾ ਦੇ ਪਿੰਡ ਦੀ ਮਿੱਟੀ ਨੂੰ ਸਲਾਮ ਕਰ ਰਿਹਾ ਸੀ। ‘ਸੁਪਨੇ’ ਤੇ ‘ਹਕੀਕਤ’ ਵਿਚਕਾਰਲਾ ਫ਼ਰਕ ਮਿਟ ਰਿਹਾ ਸੀ। ਹੇਠਲਾ ਬੈਂਗਣੀ ਰੰਗ ਉੱਘੜ ਰਿਹਾ ਸੀ। ਇਸ ਮੌਸਮ ’ਚ ਸੰਤ ਰਾਮ ਉਦਾਸੀ ਵੀ ਉਥੇ ਹੀ ਪਹੁੰਚ ਗਿਆ ਸੀ, ਜਿੱਥੋਂ ਤੁਰਿਆ ਸੀ। ਸਿੱਖ ਵਿਰਸੇ ’ਚੋਂ ਸੰਘਰਸ਼ਮਈ ਗਾਥਾਵਾਂ ਦੇ ਹਵਾਲੇ ਨਾਲ ਪੰਜਾਬੀ ਮਾਨਸਿਕਤਾ ਨੂੰ ਹਲੂਣ ਰਿਹਾ ਸੀ। ਜੇ ਮੈਂ ਕਹਾਂ ਕਿ ਮਰ ਰਹੀ ਪੰਜਾਬੀ ਮਾਨਸਿਕਤਾ ਨੂੰ ਪਿੰਡ-ਪਿੰਡ ਜਾ ਕੇ ਹਲੂਣ ਰਿਹਾ ਸੀ, ਤਾਂ ਕੋਈ ਅਤਿਕਥਨੀ ਨਹੀਂ। ਉਸ ਦੀ ਸ਼ਾਇਰੀ ਸਕੂਲਾਂ ਕਾਲਜਾਂ ਦੇ ਮੁੰਡੇ ਜ਼ਬਾਨੀ ਚੇਤੇ ਕਰ ਰਹੇ ਸਨ। ਉਸਦੇ ਬੋਲਾਂ ਨੂੰ ਜਵਾਨ ਪੀੜ੍ਹੀ ਉਵੇਂ ਹੀ ਸੰਭਾਲ ਰਹੀ ਸੀ ਜਿਵੇਂ ਮੇਰੇ ਤੋਂ ਪਹਿਲੀ ਪੀੜ੍ਹੀ ਸ਼ਿਵ ਕੁਮਾਰ ਬਟਾਲਵੀ ਦੀ ਦੀਵਾਨੀ ਸੀ ਤੇ ਮੇਰੇ ਵਾਲੀ ਪੀੜੀ ਸੁਰਜੀਤ ਪਾਤਰ ਨੂੰ ਮੁਹੱਬਤ ਕਰਦੀ ਹੈ।

ਉਦਾਸੀ ਕੋਲ ਸ਼ਿਵ ਕੁਮਾਰ ਨਾਲੋਂ ਵੱਖਰਾ ਦਰਦ ਸੀ। ਪਾਤਰ ਨਾਲੋਂ ਵੱਖਰਾ ਲੌਕਿਕ ਅੰਦਾਜ਼। ਉਸ ਦੀ ਹੂਕ ਵਿਚ ਦਰਦਮੰਦਾਂ ਦੀਆਂ ਸੁੱਚੀਆਂ ਆਹੀਂ ਸਨ। ਉਹ ਵਿਦਰੋਹ ਤੋਂ ਅੱਗੇ ਤੁਰ ਪਿਆ ਸੀ। ਉਸਦੇ ਕਰਮ ਇਨਕਲਾਬੀ ਸੋਚ ਨੂੰ ਪਰਵਾਣੇ ਜਾ ਚੁੱਕੇ ਸਨ। ਨਾਮਧਾਰੀਆਂ ਦੇ ਘਰ ਜੰਮਿਆ ਜਾਇਆ ਉਦਾਸੀ ਉਨ੍ਹਾਂ ਦੇ ਹੀ ਡੇਰਿਆਂ ’ਚ ਮੁੱਢਲੇ ਦੌਰ ਦੌਰਾਨ ਕਵਿਤਾਵਾਂ ਲਿਖਦਾ ਪੜ੍ਹਦਾ ਰਿਹਾ। ਉਸਦਾ ਨਿੱਕਾ ਵੀਰ ਲੋਕ ਗਾਇਕ ‘ਗੁਰਦੇਵ ਸਿੰਘ ਕੋਇਲ’ ਤਾਂ ਲੰਮਾ ਸਮਾਂ ਜਲੰਧਰ ਦੀ ਨਾਮਧਾਰੀ ਧਰਮਸ਼ਾਲਾ ’ਚੋਂ ਬੋਲਦਾ ਰਿਹਾ। ਉਥੇ ਹੀ ਰਹਿੰਦਾ ਰਿਹਾ। ਨਾਮਧਾਰੀ ਗੁਰੂ ਪ੍ਰਤਾਪ ਸਿੰਘ ਜੀ ਦੇ ਅਕਾਲ ਚਲਾਣੇ ਤੇ ਉਦਾਸੀ ਦਾ ਲਿਖਿਆ ਰੁਦਨ ਏਸੇ ਕਾਰਨ ਨੂੰ ਪਰਪੱਕ ਕਰਦਾ ਹੈ। ਗੁਰੂ ਪ੍ਰਤਾਪ ਸਿੰਘ ਦਾ “ਵਹਿਮਾਂ ਭਰਮਾਂ ਨੂੰ ਖੰਡਨਹਾਰਾ ਅੰਦਾਜ਼” ਉਸਨੂੰ ਬੇਹੱਦ ਪਸੰਦ ਸੀ। ਆਪਣੇ ਇਸ਼ਟ ਨਾਲ ਮੁਹੱਬਤ ਤੋਂ ਅੱਗੇ ਤੁਰ ਕੇ ਉਹ ਰੋਮਾਂਸ ਦੇ ਅਸਰ ਹੇਠ ਤੁਰਿਆ ਤਾਂ ਉਸਦੀ ਤੋਰ ਓਪਰੀ ਜਾਪੀ। ਅਸਲ ’ਚ ਉਹ ਹੋਰ ਕਾਰਜ

ਲਈ ਪੈਦਾ ਹੋਇਆ ਜੀਵ ਸੀ। ਜ਼ਿੰਦਗੀ ਨੂੰ ਵੇਖਣ ਵਾਲੀ ਨਜ਼ਰ ਤਾਂ ਵਿਕਸਤ ਹੋ ਰਹੀ ਸੀ ਪਰ ਹਾਲੇ ਨਜ਼ਰੀਆ ਰੂਪ ਸਰੂਪ ਨਹੀਂ ਸੀ ਪਾ ਰਿਹਾ। ਇਸੇ ਕਰਕੇ ਹੀ ਉਹ ਅਜੇ ਵਿਅਕਤੀਆਂ ਦੇ ਜਾਣ 'ਤੇ ਹੀ ਉਦਾਸ ਹੁੰਦਾ ਸੀ। ਵਿਅਕਤੀ ਭਾਵੇਂ ਪੰਡਿਤ ਜਵਾਹਰ ਲਾਲ ਨਹਿਰੂ ਹੋਵੇ ਜਾਂ ਕੋਈ ਹੋਰ।

ਦੇਸ਼ ਦੀ ਵੰਡ ਦਾ ਫੋੜਾ ਉਸਦੇ ਅੰਦਰ ਵੱਲ ਨੂੰ ਰਿਸ ਰਿਹਾ ਸੀ। ਮੰਟੋ ਦੀਆਂ ਕਹਾਣੀਆਂ ਵਾਂਗ ਉਹ 1947 'ਚ ਹੋਈ ਦੇਸ਼ ਵੰਡ ਨੂੰ ਆਜ਼ਾਦੀ ਨਾ ਕਹਿ ਸਕਿਆ। ਮੇਰੀ ਮਾਂ ਵਾਂਗ। ਮੇਰੀ ਮਾਂ ਨੇ ਮਰਦੇ ਦਮ ਤੀਕ ਏਧਰਲੀ ਧਰਤੀ ਨੂੰ ਆਪਣਾ 'ਵਤਨ' ਨਹੀਂ ਸੀ ਕਿਹਾ। ਉਹ ਹਮੇਸ਼ਾਂ ਕਹਿੰਦੀ, "ਜਦੋਂ ਪਿੰਡ ਰਹਿੰਦੇ ਸਾਂ।" "ਇਹ ਗੱਲ ਆਪਣੇ ਪਿੰਡ ਦੀ ਏ" ਉਹ ਪਿੰਡ ਹਰ ਵਾਰੀ ਨਾਰੋਵਾਲ (ਸਿਆਲਕੋਟ) ਤਹਿਸੀਲ ਵਾਲਾ ਹੁੰਦਾ ਸੀ, ਹੁਣ ਵਾਲਾ ਬਸੰਤ ਕੋਟ (ਗੁਰਦਾਸਪੁਰ) ਕਦੇ ਨਹੀਂ। ਉਦਾਸੀ ਵੀ ਤਾਂ ਇਹੀ ਕਹਿੰਦੈ ਨਾ, ਭਾਰਤ ਮਾਂ ਦੇ ਦਿਲ ਦੇ ਟੋਟੇ, ਭਾਰਤ, ਪਾਕਿਸਤਾਨ ਬਣੇ। ਅਕਲਾਂ ਵਾਲਿਓ ਕਿਵੇਂ ਦੋਹਾਂ ਦਾ ਸਾਂਝਾ ਹਿੰਦੋਸਤਾਨ ਬਣੇ।

ਸੰਤ ਰਾਮ ਉਦਾਸੀ ਨੂੰ ਬਰਨਾਲੇ ਦੀ ਧਰਤੀ ਦਾ ਸੂਹਾ ਇਨਕਲਾਬੀ ਰੰਗ ਚੜ੍ਹਿਆ ਤਾਂ ਉਹ ਦਿਨਾਂ ਵਿਚ ਹੀ ਹੋਰ ਦਾ ਹੋਰ ਹੋ ਗਿਆ। ਉਸ ਦੇ ਬੋਲਾਂ 'ਚ ਮੱਘਦੇ ਅੰਗਿਆਰ ਦਹਿਕਣ ਲੱਗੇ। ਸਿਲ੍ਹੀ ਸਲਾਭੀ ਜ਼ਿੰਦਗੀ ਨੇ ਅੰਗੜਾਈ ਲਈ। ਉਥੋਂ ਦੀਆਂ ਲਿਖਾਰੀ ਸਭਾਵਾਂ ਨੇ ਉਸ ਦੇ ਬੋਲਾਂ ਨੂੰ ਪਹਿਲ-ਪ੍ਰਵਾਨਗੀ ਦਿੱਤੀ। ਜਰਨੈਲ ਸਿੰਘ ਅਰਸ਼ੀ ਦੀ ਲਲਕਾਰ ਵਾਂਗ ਸੰਤ ਰਾਮ ਉਦਾਸੀ ਦੀ ਲਲਕਾਰ ਵੀ ਸੱਥਾਂ, ਚੌਕਾਂ, ਚੌਰਾਹਿਆਂ ਵਿਚ ਗੂੰਜਣ ਲੱਗੀ। ਉਹ 'ਮੰਜ਼ਿਲ' ਬਾਰੇ ਵੀ ਜਾਣੂੰ ਹੋ ਰਿਹਾ ਸੀ ਅਤੇ 'ਪਾੜੇ' ਬਾਰੇ ਵੀ ਗਿਆਨਵੰਤ ਹੋ ਰਿਹਾ ਸੀ। ਅਲਬੇਲੇ ਰਾਹੀ ਨੂੰ ਹਨ੍ਹੇਰੇ ਗਾੜ੍ਹੇ ਵਿੱਚੋਂ ਹਿੰਮਤ ਨਾਲ ਪਾਰ ਜਾਣ ਦੀ ਪ੍ਰੇਰਨਾ ਦੇ ਰਿਹਾ ਸੀ। ਕਾਲੇ ਬੱਦਲਾਂ ਦੇ ਕਿਨਾਰੇ ਤੇ ਲੱਗੀ "ਸੁੱਚੇ ਗੋਟੇ ਦੀ ਕੋਰ" ਉਸ ਨੂੰ ਹਾਲੇ ਨਜ਼ਰ ਨਹੀਂ ਸੀ ਪੈ ਰਹੀ। ਇਸ ਨੂੰ ਬਹੁਤੇ ਪੜ੍ਹੇ ਲਿਖੇ "ਸਿਲਵਰ ਲਾਈਨਿੰਗ" ਆਖਦੇ ਨੇ। ਉਮੀਦ ਦੀ ਕਿਰਨ। ਡੇਰਿਆਂ ਦਾ ਲੰਗਰ ਛੱਕਦਾ ਛੱਕਦਾ ਉਹ ਕਮਿਊਨਿਸਟ ਸਫ਼ਾਂ ਦੀਆਂ ਸਟੇਜਾਂ 'ਤੇ ਜਾ ਚੜ੍ਹਿਆ। ਕਮਿਊਨਿਸਟ ਪਾਟ ਗਏ ਤਾਂ ਉਸਨੇ ਸਬੂਤਾ ਕਿੱਥੇ ਰਹਿਣਾ ਸੀ ? ਉਹ ਵੀ ਲੀਰੋ ਲੀਰ ਅੰਧੋਰਾਣਾ ਜਿਹਾ ਹੋ ਗਿਆ। ਸ: ਜਗਦੇਵ ਸਿੰਘ ਜੱਸੋਵਾਲ ਕਦੇ-ਕਦੇ ਪੁਰਾਣੇ ਵਕਤਾਂ ਦਾ ਇਕ ਟੋਟਕਾ ਦੁਹਰਾ ਦਿੰਦੇ ਨੇ। ਅਕਾਲੀਆਂ ਨੇ ਜਦੋਂ ਉਨ੍ਹਾਂ ਦੀ ਲਿਆਕਤ ਨੂੰ 'ਦੁਰ-ਦੁਰ' ਕੀਤਾ ਤਾਂ ਉਸਨੂੰ ਪ੍ਰਤਾਪ ਸਿੰਘ ਕੈਰੋਂ ਤੇ ਪੰਡਿਤ ਜਵਾਹਰ ਲਾਲ ਨਹਿਰੂ ਪਿੰਡੋਂ ਲੈਣ ਆਏ। ਅਕਾਲੀ ਮਨ ਕਾਂਗਰਸ 'ਚ ਜਾਣ ਵੇਲੇ ਕਿਸ ਦੁਫੇੜ ਮਾਨਸਿਕਤਾ ਦਾ ਸ਼ਿਕਾਰ ਸੀ, ਤੁਸੀਂ ਵੀ ਸੁਣੋ!

ਇੱਕ ਹੱਥ ਝੰਡਾ ਦੇਸ਼ ਦਾ।
ਦੂਜੇ ਹੱਥ ਦਸ਼ਮੇਸ਼ ਦਾ।
ਇਕ ਪਾਸੇ ਬਾਪੂ
ਤੇ ਦੂਜੇ ਪਾਸੇ ਮਾਂ !
ਦੱਸੋ ਲੋਕੋ ! ਕਿੱਧਰ ਜਾਂ।

1962 'ਚ ਭਾਰਤ ਚੀਨ ਜੰਗ ਨੇ ਭਾਰਤੀ ਕਮਿਊਨਿਸਟ ਪਾਰਟੀ ਨੂੰ ਹਿਲਾ ਕੇ ਰੱਖ ਦਿੱਤਾ ਸੀ। ਦੇਸ਼ਾਂ ਦੀ ਜੰਗ ਤਾਂ ਹੈ ਹੀ ਸੀ, ਸਿਧਾਂਤ ਵੀ ਚੌਰਾਹੇ ਆਣ ਖੜ੍ਹਾ ਸੀ। ਚੀਨੀ ਹਮਲੇ ਵੇਲੇ ਕਮਿਊਨਿਸਟ ਪਾਰਟੀ ਦੀ ਦੋਚਿੱਤੀ ਇਸ ਲੋਕ ਬੋਲੀ ਵਰਗੀ ਸੀ।

ਅੱਧੀ ਆਂ ਗਰੀਬ ਜੱਟ ਦੀ,
ਅੱਧੀ ਤੇਰੀ ਆਂ ਮੁਲਾਜ਼ੇਦਾਰਾ।

1964 'ਚ ਪਾਰਟੀ ਪਾਟ ਗਈ। ਝੰਡੇ ਵੰਡੇ ਗਏ। ਡੰਡੇ ਵੰਡੇ ਗਏ। ਆਪੋ ਆਪਣੀਆਂ ਛਤਰੀਆਂ ਤੇ ਵੰਡਵੇਂ ਕਬੂਤਰ ਬਹਿ ਗਏ। ਪਾਰਲੀਮੈਂਟ 'ਚ ਬਹਿਣ ਦੀ ਤਾਂਘ ਅਤੇ ਲਾਲਸਾ ਨੇ ਲੋਕਾਂ ਵੱਲੋਂ ਪਿੱਠ ਕਰਵਾ ਦਿੱਤੀ। ਇਨਕਲਾਬ ਅਤੇ ਹਥਿਆਰਬੰਦ ਲੋਕਾਂ ਦੀ ਥਾਂ ਵੋਟਾਂ ਦੀ ਸਿਆਸਤ ਪਹਿਲੇ ਸਫ਼ੇ 'ਤੇ ਆ ਗਈ। ਪੱਛਮੀ ਬੰਗਾਲ ਤੇ ਕੇਰਲਾ 'ਚ ਸਰਕਾਰ ਬਣਨ ਨਾਲ ਰਾਜ ਸੱਤਾ ਮਾਨਣ ਦੀ ਲਲਕ ਵਧ ਗਈ। ਸੰਤ ਰਾਮ ਉਦਾਸੀ ਵਰਗੇ ਅਗਨ ਤੇ ਲਗਨ ਵਾਲੇ ਗੱਭਰੂ ਆਪਣੀ ਅਥਾਹ ਊਰਜਾ ਦਾ ਕੀ ਕਰਦੇ ? ਉਹ ਉਸ ਕਾਫ਼ਲੇ 'ਚ ਸ਼ਾਮਲ ਹੋ ਗਿਆ ਜੋ ਇਨ੍ਹਾਂ ਕਮਿਊਨਿਸਟਾਂ ਨੂੰ 'ਸੋਧ ਵਾਦੀ' ਕਹਿ ਕੇ ਨੱਕ ਬੁੱਲ ਵੱਟਦੇ ਸਨ। ਚਾਹ ਦੇ ਬਾਗਾਂ 'ਚ ਸ਼ੁਰੂ ਹੋਈ ਲੜਾਈ ਨਕਸਲਬਾੜੀ ਲਹਿਰ ਬਣ ਜਾਵੇਗੀ, ਇਹ ਸ਼ਾਇਦ ਆਗੂਆਂ ਲਈ ਵੀ ਯਕੀਨਯੋਗ ਸਥਿਤੀ ਨਹੀਂ ਸੀ। ਅਸਲ 'ਚ ਇਨ੍ਹਾਂ 'ਚੋਂ ਬਹੁਤੇ ਉਹੀ ਗੱਭਰੂ ਸਨ ਜੋ ਆਪਣੀ ਸ਼ਕਤੀਸ਼ਾਲੀ ਰਫ਼ਤਾਰ ਵਾਲੇ ਇੰਜਨ ਦੇ ਹੁੰਦਿਆਂ ਲੱਕੜ ਦੇ ਪਹੀਆਂ ਵਾਲੇ ਗੱਡੇ ਦੇ ਮੁਸਾਫ਼ਰ ਬਣਨ ਨੂੰ ਤਿਆਰ ਨਹੀਂ ਸਨ। ਇਨ੍ਹਾਂ 'ਛੋਹਲੇ' ਤੇ 'ਕਾਹਲੇ' ਨੌਜਵਾਨਾਂ ਦੇ ਕਾਫ਼ਲੇ 'ਚ ਉਦਾਸੀ ਵੀ ਜਾ ਰਲਿਆ ਪਰ ਉਸ ਦੀ ਹਾਲਤ ਏਥੇ ਵੀ ਉਹੀ ਰਹੀ ਜਿਵੇਂ 'ਬੈਂਡ ਵਾਜੇ ਵਾਲੇ' ਜਾਂ 'ਗਾਉਣ ਵਜਾਉਣ ਵਾਲੇ' ਬਰਾਤ ਦਾ ਹਿੱਸਾ ਨਹੀਂ ਗਿਣੇ ਜਾਂਦੇ। ਜਿਵੇਂ ਕਮਿਊਨਿਸਟ ਸਟੇਜਾਂ 'ਤੇ ਕਦੇ ਭੀੜ ਇੱਕਠੀ ਕਰਨ ਲਈ ਤਾਂ ਅਮਰਜੀਤ ਗੁਰਦਾਸਪੁਰੀ ਜਾਂ ਹੁਕਮ ਚੰਦ ਖਲੀਲੀ ਹੋਰੀਂ

ਹੁੰਦੇ ਸਨ, ਜੋਗਿੰਦਰ ਬਾਹਰਲਾ ਜਾਂ ਨਰਿੰਦਰ ਦੋਸਾਂਝ ਹੁੰਦਾ ਸੀ ਪਰ "ਬਾਕਾਇਦਾ" ਸਟੇਜ ਸ਼ੁਰੂ ਕਰਨ ਵੇਲੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਜਾਂ ਦਲੀਪ ਸਿੰਘ ਟਪਿਆਲਾ ਟਪਕ ਪੈਂਦੇ ਸਨ। ਇਸੇ 'ਬੇਕਾਇਦਗੀ' ਨੇ ਸਾਡੀ ਇਨਕਲਾਬੀ ਸਭਿਆਚਾਰ ਲਹਿਰ ਦਾ ਭੱਠਾ ਬਿਠਾਇਆ। ਜੇ ਸਭਿਆਚਾਰਕ ਕਾਮੇ ਧਿਰ ਹੀ ਨਹੀਂ ਹਨ ਤਾਂ ਉਸ ਦੀ ਕਲਾ ਵੀ ਕਿਉਂ ਵਰਤੀ ਜਾਵੇ ? ਇਹ ਸੁਆਲ ਸੱਠਵਿਆਂ 'ਚ ਅਮਰਜੀਤ ਗੁਰਦਾਸਪੁਰੀ ਨੇ ਖੜ੍ਹਾ ਕੀਤਾ ਤਾਂ ਉਸ ਨੂੰ "ਬਹਿ ਕੇ ਸਮਝਾਇਆ" ਗਿਆ, ਤੇਰੇ 'ਚੋਂ ਹਾਲੇ "ਜ਼ੈਲਦਾਰੀ ਵਾਲੀ ਬੋਅ" ਨਹੀਂ ਗਈ। ਇੱਕੋ ਫ਼ਿਕਰੇ ਨੇ ਉਸਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਦਿੱਤਾ ਸੀ। ਸੰਤ ਰਾਮ ਉਦਾਸੀ ਨਾਲ ਤਾਂ ਇਹ ਅਕਸਰ ਵਾਪਰਦਾ ਰਿਹਾ। ਜੇ ਉਹ ਕਦੇ ਕੱਚੇ ਵਿਹੜਿਆਂ ਦੀ ਬਾਤ ਪਾਉਂਦਾ ਤਾਂ ਉਸਦੀ ਜਾਤ ਨੌਲੀ ਜਾਂਦੀ। ਜੇਕਰ ਉਹ ਸਿੱਖ ਵਿਰਸੇ ਦੇ ਨਾਇਕ ਚੇਤੇ ਕਰਦਾ ਤਾਂ ਉਸਨੂੰ ਗੁਰੂ ਘਰ ਦੇ ਲੰਗਰ ਦਾ ਮਿਹਣਾ ਵੱਜਦਾ। ਧਰਤੀ ਦੀ ਮਾਣ ਮਰਿਯਾਦਾ ਪੇਸ਼ ਕਰਦੇ ਸੰਤ ਰਾਮ ਉਦਾਸੀ ਨੂੰ ਅਸਾਂ ਉਸਦੀ ਪੀੜ ਦੇ ਜਾਵੀਏ ਤੋਂ ਵੇਖਣ 'ਚ ਅਕਸਰ ਉਕਾਈ ਕਰਦੇ ਰਹੇ। ਕੌਣ ਕਹਿੰਦਾ ਕਿ ਕਵਿਤਾ ਕਿਸੇ ਸਰਕਾਰੀ ਠੇਕੇਦਾਰ ਅੱਗੇ ਵਿਛੇ ਆਰਕੀਟੈਕਟ ਦੇ ਬਣਾਏ ਨਕਸ਼ੇ ਵਰਗੀ ਨਹੀਂ ਹੁੰਦੀ। ਇਹ ਤਾਂ ਖ਼ੁਦ ਮਹਿਕਦਾ ਬੂਟਾ ਹੈ। ਆਪਣੇ ਮੌਸਮ 'ਚ ਹੀ ਮਹਿਕਦਾ ਹੈ। ਆਪਣੀ ਮਹਿਕ ਸਮੇਤ ਹਾਜ਼ਰ ਹੁੰਦਾ ਹੈ, ਹੋਰ ਕਿਸੇ ਦੀ ਖੁਸ਼ਬੋਈ ਨੂੰ ਕਦੇ ਪੇਸ਼ ਨਹੀਂ ਕਰਦਾ।

ਸੰਤ ਰਾਮ ਉਦਾਸੀ 'ਪ੍ਰਤੀਬੱਧਤਾ' ਦਾ ਵਣਜਾਰਾ ਬਣਨ ਦੀ ਥਾਂ ਆਪਣੀ ਪੀੜ ਦਾ ਅਨੁਵਾਦ ਕਰਦਾ ਰਿਹਾ। ਉਸਦੇ ਬੋਲਾਂ ਨੂੰ ਮੁਹੱਬਤ ਕਰਨ ਵਾਲਿਆਂ 'ਚ ਹੋਰਨਾਂ ਤੋਂ ਇਲਾਵਾ ਜਸਵੰਤ ਸਿੰਘ ਕੰਵਲ ਵੀ ਸੀ ਤੇ ਜਗਦੇਵ ਸਿੰਘ ਜੱਸੋਵਾਲ ਵੀ। ਦੋਹਾਂ ਨੇ ਹੀ ਉਸਨੂੰ ਰੱਜ ਕੇ ਮੁੱਹਬਤ ਕੀਤੀ। ਜੱਸੋਵਾਲ ਤਾਂ ਹੁਣ ਤੀਕ ਵੀ ਪਰਿਵਾਰ ਨਾਲ ਬਾਬਲ ਵਾਂਗ ਨਿਭ ਰਿਹਾ ਹੈ। ਉਸੇ ਦੀਆਂ ਨਿਰੰਤਰ ਕੋਸ਼ਿਸ਼ਾਂ ਨਾਲ ਹੀ 'ਰਾਏਸਰ' ਸਕੂਲ ਦਾ ਨਾਮ ਸੰਤ ਰਾਮ ਉਦਾਸੀ ਦੇ ਨਾਮ ਤੇ ਕਰਨ ਲਈ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਉਹਦੇ ਪਿੰਡ ਪਹੁੰਚੇ ਸਨ। 'ਹਵਾਈ ਮਤੇ' ਕਰਨ ਵਾਲੇ ਤਾਂ ਉਸ ਦਿਨ ਵੀ ਗੈਰ ਹਾਜ਼ਰ ਸਨ।


ਲੋਕ ਕਵੀ– ਸੰਤ ਰਾਮ ਉਦਾਸੀ

ਆਪਣੇ ਈਮਾਨ ਤੇ ਪਹਿਰਾ ਦੇਣ ਵਾਲੇ ਉਦਾਸੀ ਨੂੰ ਉਸਦੇ ਵਿੱਤ ਤੋਂ ਵੱਡਾ ਗਿਣਨ ਵਾਲੇ ਸੱਜਣਾਂ ਨੇ ਬਾਦ 'ਚ ਉਸਨੂੰ ਛੱਜ 'ਚ ਪਾ ਕੇ ਛੱਟਿਆ। ਉਸਦੀ ਸ਼ਾਇਰੀ ਤਾਂ ਇਹੀ ਦੱਸਦੀ ਹੈ ਕਿ ਉਹ ਸਿਧਾਂਤਕਾਰ ਨਹੀਂ ਸੀ, ਕੇਵਲ ਸ਼ਬਦ ਸਾਧਕ ਸੀ, ਸੁੱਚਾ ਸੁਥਰਾ ਜਜ਼ਬਾ ਪੇਸ਼ ਕਰਨ ਵਾਲਾ ਸ਼ਾਇਰ। ਉਹ ਕਦੋਂ ਕਹਿੰਦਾ ਸੀ ਕਿ ਮੈਂ ਸਿਧਾਂਤਕਾਰ ਹਾਂ, ਉਹ ਤਾਂ ਆਪਣੇ ਵਰਗੇ ਅੜੇ ਥੁੜੇ ਘਰਾਂ ਦੀ ਪੀੜਾ ਗੀਤਾਂ 'ਚ ਪਰੋਣ ਵਾਲਾ ਸ਼ਾਇਰ ਸੀ। ਪੌਣਾਂ ਵਿੱਚ ਘੁਲੇ ਮਾਓਵਾਦੀ ਸਿਧਾਂਤ ਦੀ ਇਕ ਦੋ ਘੁੱਟ ਉਸ ਨੇ ਵੀ ਭਰ ਲਈ ਸੀ। ਇਸੇ ਕਰਕੇ ਉਸ ਨੂੰ ਪਿੰਡ ਦੇ ਰਾਜੇ ਕਸਾਈ ਦਿਸਣ ਲੱਗ ਪਏ, ਜਿਨ੍ਹਾਂ ਦਾ ਸ਼ਾਹਾਂ ਨਾਲ ਜੋੜ ਸੀ, ਰਖਵਾਲੇ ਕੁੱਤਿਆਂ ਦੀ ਥਾਂ ਇਸ ਰਾਜੇ ਦੀ ਰਾਖੀ ਵਰਦੀਧਾਰੀ ਮੁਕੱਦਮ ਕਰਦੇ। ਗੁਰੂ ਨਾਨਕ ਦੇਵ ਜੀ ਨੇ ਵੀ ਲੱਗਭਗ ਸਵਾ ਪੰਜ ਸੌ ਸਾਲ ਪਹਿਲਾਂ ਇਹੀ ਗੱਲ ਆਖੀ ਸੀ ਨਾ। ਰਾਜੇ ਸੀਂਹ ਬਣ ਗਏ ਨੇ ਤੇ ਮੁਕੱਦਮ ਕੁੱਤੇ, ਜੋ ਸੁੱਤਿਆਂ ਜਾਗਦਿਆਂ ਨੂੰ ਘੇਰਨ ਵਿਚ ਪਲ ਲਾਉਂਦੇ ਨੇ। ਉਸ ਨੂੰ ਸਮਾਜਵਾਦ ਦਾ ਚੂਰਨ ਵੇਚਣ ਵਾਲੇ ਕਮਿਊਨਿਸਟ ਆਗੂ ਵੀ ਫੁੱਟੀ ਅੱਖ ਨਹੀਂ ਸੀ ਭਾਉਂਦੇ। ਦੇਸ਼ ਦਾ ਸਾਰਾ ਕੁਝ ਡਕਾਰਨ ਵਾਲੇ

ਸਿਆਸਤਦਾਨਾਂ ਨਾਲ ਕਮਿਊਨਿਸਟਾਂ ਦੀ ਭਾਈਵਾਲੀ ਵੀ ਉਸਦਾ ਵੱਡਾ ਫ਼ਿਕਰ ਸੀ। ਤਾਹੀਓਂ ਤਾਂ ਉਦਾਸੀ ਉੱਚੀ-ਉੱਚੀ ਕੂਕਦਾ ਹੈ।

ਹਨੂੰਮਾਨ ਲਲਕਾਰੇ ਕਿਹੜੇ ਰਾਵਣ ਨੂੰ,
ਰਾਵਣ ਦੇ ਤਾਂ ਸਾਹਵੇਂ ਰਾਮ ਖਲੋਇਆ ਹੈ।

ਹਨੂੰਮਾਨ ਦੀ ਦੁਚਿੱਤੀ ਵੇਖੋ, ਰਾਵਣ ਦੀ ਢਾਲ ਜੇਕਰ ਰਾਮ ਹੀ ਬਣ ਜਾਵੇ ਤਾਂ ਲੋਕ ਸ਼ਕਤੀ ਰੂਪੀ ਹਨੂੰਮਾਨ ਕੀ ਕਰੇ? ਬੜਾ ਵੱਡਾ ਸੁਆਲ ਹੈ। ਇਸ ਸੁਆਲ ਨੂੰ ਉਦਾਸੀ ਤੋਂ ਪਹਿਲਾਂ ਪੰਜਾਬੀ ਸ਼ਾਇਰੀ ਨੇ ਕਦੇ ਨਹੀਂ ਸੀ ਗੌਲਿਆ।

ਖੇਤਾਂ ਵਿੱਚ ਹਥਿਆਰ ਬੀਜਣ, ਡੋਲੀ 'ਚ ਬੰਦੂਕ ਰੱਖਣ ਵਰਗੇ ਅੱਖੜ ਨਾਅਰੇ ਸੰਤ ਰਾਮ ਉਦਾਸੀ ਨੂੰ ਕੁਝ ਸਮੇਂ ਲਈ ਤਾਂ ਯੁਗ ਪਲਟਾਊ ਸੂਰਾ ਸਾਬਤ ਕਰ ਦਿੰਦੇ ਹਨ ਪਰ ਉਸਦਾ ਵਜੂਦ ਏਨਾ ਭਾਰ ਸਹਿਣ ਦੇ ਕਾਬਲ ਨਹੀਂ ਸੀ। ਬਾਹਰੋਂ ਨਾਰੀਅਲ ਵਰਗਾ ਸਖ਼ਤ ਉਦਾਸੀ ਤੇ ਅੰਦਰੋਂ ਖੋਪੇ ਦੀ ਗਿਰੀ ਵਰਗਾ ਨਰਮ ਨਰਮ, ਕੋਮਲ ਕੋਮਲ।

ਦੇਸ਼ ਵਿੱਚ ਐਮਰਜੈਂਸੀ ਲੱਗੀ ਤਾਂ ਬਹੁਤ ਸਾਰੇ ਸਿਆਸੀ ਕਾਰਕੁੰਨਾਂ ਵਾਂਗ ਸੰਤ ਰਾਮ ਉਦਾਸੀ ਵੀ ਜੇਲ 'ਚ ਬੰਦ ਕਰ ਦਿੱਤਾ ਗਿਆ। 'ਚੌਨੁੱਕਰੀਆਂ ਸੀਖਾਂ' ਕਾਵਿ ਸੰਗ੍ਰਹਿ ਵਾਲੀ ਕਵਿਤਾ ਨੇ ਮੁੜ ਵਿਰਸੇ ਵੱਲ ਕਰਵਟ ਲਈ। ਸਿੱਖ ਘਰ 'ਚ ਜੰਮਿਆ ਹੋਣ ਕਰਕੇ ਦਿੱਲੀ 'ਚ ਦੇਗ ਅੰਦਰ ਉੱਬਲਦਾ ਦਿਆਲਾ ਪ੍ਰੇਸ਼ਾਨ ਕਰਨ ਲੱਗਾ। ਤੱਤੀ ਤਵੀ ਤੇ ਤੱਤੀ ਰੇਤ ਉਹਦਾ ਅੰਦਰ ਬਾਹਰ ਲੂਹਣ ਲੱਗੀ। ਉਹ ਤੇਜਾ ਸਿੰਘ ਸਮੁੰਦਰੀ ਹਾਲ 'ਚ ਜਾ ਕੇ ਕਵਿਤਾਵਾਂ ਸੁਣਾਉਣ ਲੱਗ ਪਿਆ। ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਬਲਵੰਤ ਸਿੰਘ ਰਾਮੂਵਾਲੀਆ ਉਸਦੇ ਕਲਾਮ ਅਤੇ ਅੰਦਾਜ਼ ਨੂੰ ਪਿਆਰ ਕਰਨ ਲੱਗੇ।

ਸੰਤ ਰਾਮ ਉਦਾਸੀ ਨੂੰ ਸਮੇਂ ਦੀ ਹਕੂਮਤ ਨੇ ਕਲਮਕਾਰੀ ਬਦਲੇ ਕਰੜੀਆਂ ਤੋਂ ਕਰੜੀਆਂ ਸਜ਼ਾਵਾਂ ਦਿੱਤੀਆਂ। ਜ਼ੁਲਮ ਦੀ ਸਿਖ਼ਰ ਇਹ ਸੀ ਕਿ ਉਸ ਦੀਆਂ ਰਚਨਾਵਾਂ ਨੂੰ ਉਸ ਦੇ ਇਨਕਲਾਬੀ ਸਾਥੀਆਂ ਨੇ ਵੀ ਹਲਕੇ ਦਰਜੇ ਦੀਆਂ ਕਿਹਾ ਗਿਆ। ਉਸ ਨੂੰ ਵੰਨ-ਸੁਵੰਨੇ ਤੀਰ ਮਾਰੇ। ਇਹ ਗੱਲ ਮੇਰੀ ਸਮਝੋਂ ਬਾਹਰ ਹੈ ਕਿ ਅਸੀਂ ਸਾਰੇ ਪੰਜਾਬੀ ਆਪਣੇ ਨਿਕਟਵਰਤੀ ਦੀਆਂ ਹੀ ਲੱਤਾਂ ਕਿਉਂ ਛਾਂਗਦੇ ਹਾਂ। ਏਥੇ ਮੈਨੂੰ ਲਾਲ ਸਿੰਘ ਦਿਲ ਨਾਲ ਹੋਈ ਆਪਣੀ ਇਕ ਗੱਲਬਾਤ ਦਾ ਹਵਾਲਾ ਦੇਣਾ ਬੜਾ ਵਾਜਬ ਲੱਗਦਾ ਹੈ। 'ਦਿਲ' ਨੂੰ ਇਕ ਵੇਰ ਕਿਸੇ ਸ਼ਹਿਰੀ ਪੱਤਰਕਾਰ ਨੇ ਪੁੱਛਿਆ ਕਿ ਤੇਰੀ ਸ਼ਾਇਰੀ ਏਨੀ ਖਰਵ੍ਹੀ ਕਿਉਂ ਹੈ? ਇਹ ਸੁਹਜਵੰਤੀ ਕਿਉਂ ਨਹੀਂ? ਇਸ ਦੇ ਜੁਆਬ 'ਚ ਲਾਲ ਸਿੰਘ ਦਿਲ ਨੇ ਜੋ ਉੱਤਰ ਮੋੜਿਆ ਸੀ, ਉਹ ਅੱਜ ਵੀ ਓਨਾ ਹੀ ਪ੍ਰਸੰਗਕ ਹੈ। "ਸਾਡੇ ਘਰਾਂ 'ਚ ਕੋਰੇ ਸਫ਼ੈਦ ਵਰਕੇ ਨਹੀਂ ਹੁੰਦੇ ਜਿਨ੍ਹਾਂ ਤੇ ਪੋਲੀ-ਪੋਲੀ ਰੇਸ਼ਮੀ ਕਵਿਤਾ ਲਿਖੀ ਜਾ ਸਕੇ। ਲਿਖੀ ਲਿਖਾਈ ਇਬਾਰਤ ਸਾਡੇ ਘਰੀਂ ਹੱਟੀਆਂ ਦੇ ਲਿਫ਼ਾਫ਼ਿਆਂ ਜਾਂ ਰੱਦੀ ਦੇ ਟੋਟਿਆਂ 'ਚ ਆਉਂਦੀ ਹੈ। ਹਾਸ਼ੀਏ ਤੇ ਪਏ ਖ਼ਾਲੀ ਕੋਰੇ ਹਿੱਸੇ ਤੇ ਜਿੰਨਾ ਕੁ ਲਿਖਣ ਲਈ ਥਾਂ ਲੱਭਦਾ ਹੈ, ਓਥੇ ਲਿਖੀ ਕਵਿਤਾ ਇਹੋ ਜਹੀ ਹੀ ਹੋਵੇਗੀ। ਜ਼ਿੰਦਗੀ ਦੀਆਂ ਰਹਿਮਤਾਂ ਤੋਂ ਸੱਖਣੇ ਘਰਾਂ ਦੇ ਜੰਮੇ ਜਾਏ ਇਹੋ ਜਿਹੀ ਕਵਿਤਾ ਹੀ ਲਿਖ ਸਕਦੇ ਨੇ।" ਹਾਸ਼ੀਏ ਤੋਂ ਬਾਹਰ ਧੱਕਣ ਵਿੱਚ ਸਾਡੇ ਬੰਦੇ ਕਮਾਲ ਹਨ। ਚੰਗੇ ਭਲੇ ਲੇਖਕ ਨੂੰ ਆਪਣੇ ਫਰੇਮ 'ਚ ਫਿੱਟ ਕਰਦੇ ਕਰਦੇ ਕਦੇ ਬਾਂਹ ਛਾਂਗ ਦੇਂਦੇ ਹਨ ਤੇ ਕਦੇ ਸਿਰ ਕਲਮ ਕਰ ਦੇਂਦੇ ਹਨ। ਉਦਾਸੀ ਨਾਲ ਵੀ ਇਹੋ ਕੁਝ ਹੋਇਆ। ਉਸਦੇ ਆਪਣਿਆਂ ਨੇ ਉਸ ਨੂੰ ਪਾਸ਼ ਨਾਲੋਂ ਵੱਡਾ ਜਾਂ ਛੋਟਾ ਸਾਬਤ ਕਰਨ ਵਿੱਚ ਹੁਣ ਤੀਕ ਹਜ਼ਾਰਾਂ ਸਫ਼ੇ ਖ਼ਰਚ ਦਿੱਤੇ ਨੇ। ਸਾਹਿਤ 'ਚ ਕੋਈ ਦੌੜਨ ਵਾਲਾ ਟਰੈਕ ਨਹੀਂ ਹੁੰਦਾ ਜਿਥੇ ਪਹਿਲਾ, ਦੂਜਾ ਦਰਜਾ ਦੌੜ ਮੁਤਾਬਕ ਲਾਜ਼ਮੀ ਹੈ। ਸ਼ਾਇਰ ਤਾਂ ਸਮਾਨੰਤਰ ਤੁਰ ਰਹੇ ਲੋਕ ਹਨ, ਆਪੋ-ਆਪਣੇ ਅੰਦਾਜ਼ ਵਿੱਚ ਤੁਰਦੇ। ਮਾਝੇ ਦਾ ਜੰਮਪਲ ਹੋਣ ਕਰਕੇ ਮੈਨੂੰ ਲਸੂੜੇ ਦਾ ਅਚਾਰ ਸੁਆਦ ਲੱਗਦਾ ਹੈ ਤੇ ਮੇਰੇ ਇਕ ਮਲਵਈ ਸੱਜਣ ਨੂੰ ਕਿੱਕਰ ਦੇ ਤੁੱਕਿਆਂ ਦਾ ਅਚਾਰ ਸਭ ਤੋਂ ਸਰਵੋਤਮ ਲੱਗਦਾ ਹੈ। ਆਪੋ ਆਪਣੀ ਪਰਵਰਿਸ਼ ਮੁਤਾਬਕ ਆਦਤਾਂ ਤੇ ਸੁਹਜ ਸ਼ਾਸਤਰ ਵਿਕਸਤ ਹੁੰਦਾ ਹੈ।

'ਦਿੱਲੀਏ ਦਿਆਲਾ ਵੇਖ' ਗੀਤ ਸੁਣਦਿਆਂ ਜਾਂ ਪੜ੍ਹਦਿਆਂ ਮੈਨੂੰ ਹਰ ਵਾਰ ਉਦਾਸੀ ਸਿਰਮੌਰ ਰਚਨਕਾਰ ਲੱਗਾ ਹੈ। ਇਹ ਮੇਰੇ ਸਿੱਖ ਸੰਸਕਾਰਾਂ ਕਾਰਨ ਨਹੀਂ, ਸਗੋਂ ਉਸ ਪ੍ਰਸੰਗ ਕਾਰਨ ਹੈ ਜੋ ਸੰਤ ਰਾਮ ਉਦਾਸੀ ਨੇ ਉਸਾਰਿਆ ਹੈ।

ਦਿੱਲੀਏ, ਦਿਆਲਾ ਵੇਖ, ਦੇਗ 'ਚ ਉੱਬਲਦਾ ਨੀ,
ਅਜੇ ਤੇਰਾ ਦਿਲ ਨਾ ਠਰੇ।
ਮਤੀ ਦਾਸ ਤਾਈਂ ਚੀਰ ਆਰੇ ਵਾਂਗ ਜੀਭ ਤੇਰੀ,
ਅਜੇ ਮਨਮੱਤੀਆਂ ਕਰੇ।
ਲਾਲ ਕਿਲੇ ਵਿਚ ਖ਼ੂਨ ਲੋਕਾਂ ਦਾ ਜੋ ਕੈਦ ਹੈ।
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੈਦ ਹੈ।
ਪਿੰਡਾਂ ਵਿੱਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ,
ਤੇਰੇ ਮਹਿਲੀਂ ਵੜੇ ਕਿ ਵੜੇ।
ਤੇਰੇ ਤਾਂ ਪਿਆਦੇ ਨਿਰੇ ਖੇਤਾਂ ਦੇ ਪਰੇਤ ਨੀ।

ਤਿਲਾਂ ਦੀ ਤਾਂ ਪੂਲੀ ਵਾਂਗੂੰ ਝਾੜ ਲੈਂਦੇ ਖੇਤ ਨੀ।
ਵੇਖ ਕਿਵੇਂ ਨਰਮੇ ਦੇ ਢੇਰਾਂ ਦੇ ਵਿਚਾਲੇ ਲੋਕੀਂ
ਸੌਂਦੇ ਨੇ ਘਰੋੜੇ ਤੇ ਰੜੇ।

ਇਨ੍ਹਾਂ ਬੋਲਾਂ ਵਿੱਚੋਂ ਤੁਸੀਂ ਅੰਤਰ ਧਿਆਨ ਹੋ ਕੇ ਬਹੁਤ ਕੁਝ ਲੱਭ ਸਕਦੇ ਹੋ। ਸ਼ਰਤ ਸਿਰਫ਼ ਇਹ ਹੈ ਕਿ ਤੁਹਾਡੀਆਂ ਅੱਖਾਂ 'ਤੇ ਲੱਗੀ ਐਨਕ ਕਿਸੇ ਵਿਸ਼ੇਸ਼ ਰੰਗ ਦੀ ਨਾ ਹੋਵੇ। ਹਰ ਵਾਰ ਦਿੱਲੀ 'ਚ ਦਿਆਲਾ ਹੀ ਦੇਗ 'ਚ ਕਿਉਂ ਉੱਬਲਦਾ ਹੈ ? ਹਰ ਵਾਰ ਆਰਾ ਮਤੀਦਾਸ ਨੂੰ ਹੀ ਕਿਉਂ ਚੀਰਦਾ ਹੈ ? ਹਰ ਵਾਰ ਪਿਆਦੇ ਹੀ ਕਿਉਂ ਖੇਤਾਂ ਨੂੰ ਤਿਲਾਂ ਦੀ ਪੂਲੀ ਵਾਂਗ ਝਾੜ ਲੈਂਦੇ ਨੇ ? ਘਰੋੜੇ ਤੇ ਰੜੇ ਮੈਦਾਨ 'ਚ ਹਰ ਵਾਰ ਆਮ ਸਧਾਰਨ ਲੋਕ ਹੀ ਕਿਉਂ ਸੌਂਦੇ ਨੇ ? ਲਾਲ ਕਿਲ੍ਹੇ 'ਚ ਲੋਕਾਂ ਦਾ ਖ਼ੂਨ ਹੀ ਕਿਉਂ ਕੈਦ ਹੁੰਦਾ ਹੈ ? ਬਰੀ ਹੋਣ ਦੀ ਉਮੀਦ ਪਾਲੀ ਬੈਠਾ ਉਦਾਸੀ ਸਾਨੂੰ ਉਦਾਸੀਆਂ ਦੇ ਡੂੰਘੇ ਟੋਏ 'ਚੋਂ ਕੱਢਦਾ ਹੈ। ਪੰਜਾਬ ਦੀ ਅਣਖ਼ੀਲੀ ਵਿਰਾਸਤ ਨੂੰ ਇਸ ਤੋਂ ਜਿਉਂਦਾ ਸੁਨੇਹਾ ਕੋਈ ਗਰੀਬ ਸ਼ਾਇਰ ਕੀ ਦੇ ਸਕਦਾ ਹੈ ?

ਵਿਦੇਸ਼ ਵੱਸਦੇ ਭਰਾਵਾਂ ਨੇ ਇਕ ਵਾਰ ਕੈਨੇਡਾ ਬੁਲਾਇਆ। ਸੁੱਖ ਆਰਾਮ ਤੇ ਹੋਰ ਸਹੂਲਤਾਂ ਤਾਂ ਦਿੱਤੀਆਂ ਹੀ, ਉਸ ਦੀ ਅਵਾਜ਼ 'ਚ ਇੱਕ ਐਲ ਪੀ ਰਿਕਾਰਡ ਵੀ ਤਿਆਰ ਕੀਤਾ। ਸਾਡੇ ਕੋਲ ਉਸ ਦੀ ਕੇਵਲ ਉਹੀ ਆਵਾਜ਼ ਨਿਸ਼ਾਨੀ ਵਜੋਂ ਹਾਜ਼ਰ ਹੈ। ਇਸ ਪ੍ਰਦੇਸ ਫੇਰੀ ਤੋਂ ਪਰਤ ਕੇ ਉਦਾਸੀ ਨੇ ਜਿਹੜੇ ਬੋਲ ਕਹੇ ਉਹ ਅੱਜ ਦੀ ਨੌਜਵਾਨ ਪੀੜ੍ਹੀ ਲਈ ਸੁਨੇਹਾ ਬਣ ਸਕਦੇ ਹਨ। ਉਸ ਪੀੜ੍ਹੀ ਲਈ ਜੋ ਆਪਣਾ ਮੁਲਕ ਛੱਡਣ ਲਈ ਹਰ ਪਲ ਤਿਆਰ ਬੈਠੀ ਰਹਿੰਦੀ ਹੈ।

ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼।
ਕਰੇ ਜੋਦੜੀ ਨੀ ਇੱਕ ਦਰਵੇਸ਼।
ਮੈਨੂੰ ਮੇਰੀ ਮਾਂ ਦੇ ਵਰਗਾ ਪਿਆਰ ਨੀ।
ਮਿਲੂ ਕਿਹੜੀਆਂ ਵਲੈਤਾਂ 'ਚੋਂ ਉਧਾਰ ਨੀ।
ਮੈਨੂੰ ਜੁੜਿਆ ਜੜ੍ਹਾਂ ਦੇ ਨਾਲ ਰਹਿਣ ਦੇ।
ਫੁੱਲ ਕਹਿਣ ਮੈਨੂੰ 'ਕੰਡਾ' ਚਲੋ ਕਹਿਣ ਦੇ।
ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ
ਘੱਟ ਮੰਡੀ ਵਿੱਚ ਮੁੱਲ ਪੈਂਦੈ ਪੈਣ ਦੇ।

ਨਜ਼ਮ ਤਾਂ ਲੰਮੀ ਹੈ, ਏਨੀ ਕੁ ਗੱਲ ਮੈਂ ਨਮੂਨੇ ਮਾਤਰ ਛਾਂਟੀ ਹੈ। ਇਨ੍ਹਾਂ ਬੋਲਾਂ ਨੂੰ ਪੜ੍ਹ ਕੇ ਤੁਸੀਂ ਸੰਤ ਰਾਮ ਉਦਾਸੀ ਨੂੰ ਜੇਕਰ ਨਿਮਨ ਪੱਧਰ ਦਾ ਕਵੀ ਕਹੋ ਤਾਂ ਤੁਹਾਨੂੰ ਆਪਣੀ 'ਅਹੁਰ' ਦਾ ਇਲਾਜ ਕਿਸੇ ਸਿਆਣੇ ਮਨੋਰੋਗ ਮਾਹਿਰ ਤੋਂ ਕਰਵਾਉਣਾ ਚਾਹੀਦਾ ਹੈ।

ਸ਼ਬਦ ਕੋਈ ਸਥੂਲ ਵਸਤੂ ਨਹੀਂ ਹੁੰਦੇ, ਅੱਵਲ ਤਾਂ ਵਸਤੂ ਹੁੰਦੇ ਹੀ ਨਹੀਂ। ਇਹ ਤਾਂ ਜਿਉਂਦੇ ਜਾਗਦੇ, ਸਾਹ ਲੈਂਦੇ ਹਰਕਾਰੇ ਹੁੰਦੇ ਹਨ। ਬੀਤੇ ਵਕਤਾਂ ਦਾ ਸੁਨੇਹਾ ਲੈ ਕੇ ਵਰਤਮਾਨ ਦੇ ਬੂਹੇ 'ਤੇ ਦਸਤਕ ਦੇਂਦੇ ਹਨ ਤਾਂ ਜੋ ਮਾਨਵ ਜਾਤ ਦਾ ਭਵਿੱਖ ਸਲਾਮਤ ਰਹੇ। ਤ੍ਰੈਕਾਲ ਦਰਸ਼ੀ ਸ਼ਬਦ ਹੀ ਤ੍ਰਿਸ਼ੂਲ ਬਣਦੇ ਨੇ। ਯੁਗ ਕਵੀ ਪ੍ਰੋ. ਮੋਹਨ ਸਿੰਘ ਇਸੇ ਤ੍ਰਿਸ਼ੂਲ ਨੂੰ ਹਥਿਆਰ ਬਣਾਉਣ ਦਾ ਸੁਨੇਹਾ ਦਿੰਦਾ ਹੈ।

ਦਾਤੀਆਂ, ਕਲਮਾਂ ਅਤੇ ਹਥੌੜੇ,
ਕਠੇ ਕਰ ਲਉ ਸੰਦ ਓ ਯਾਰ।
ਤਕੜੀ ਇਕ ਤ੍ਰਿਸ਼ੂਲ ਬਣਾਉ,
ਯੁੱਧ ਕਰੋ ਪਰਚੰਡ ਓ ਯਾਰ।

ਇਸੇ ਤ੍ਰਿਸ਼ੂਲ ਅਧਾਰਤ ਪਰਚੰਡ ਯੁੱਧ ਦਾ ਸੁਨੇਹਾ ਹੀ ਸੰਤ ਰਾਮ ਉਦਾਸੀ ਦੇਂਦਾ ਹੈ। ਇਸੇ ਕਰਕੇ ਸਮੇਂ ਦੀ ਹਕੂਮਤ ਦੇ ਰਾਖੇ ਮੁਕੱਦਮ ਉਸ 'ਤੇ ਝੂਠੇ ਮੁਕੱਦਮੇ ਦਰਜ ਕਰਕੇ ਵਾਰ-ਵਾਰ ਜੇਲ੍ਹ 'ਚ ਬੰਦ ਕਰਦੇ ਹਨ। "ਊੜਾ-ਐੜਾ" ਤੇ 'ਮੁਹਾਰਨੀਂ' ਰਟਾਉਂਦੇ ਸੰਤ ਰਾਮ ਉਦਾਸੀ ਨੂੰ ਆਪਣੇ ਜੀਵਨ ਕਾਲ 'ਚ ਇਸ ਤਰ੍ਹਾਂ ਦੀ ਜ਼ਲਾਲਤ ਦਾ ਕਈ ਵਾਰ ਸਾਹਮਣਾ ਕਰਨਾ ਪਿਆ। ਗੌਰਮਿੰਟ ਪ੍ਰਾਇਮਰੀ ਸਕੂਲ ਬੀਹਲਾ (ਬਰਨਾਲਾ) 'ਚ ਪੜਾਉਂਦਿਆਂ ਉਸ ਨੂੰ ਪੁਲੀਸ ਨੇ ਪਹਿਲੀ ਵਾਰ ਕਈ ਖ਼ਤਰਨਾਕ ਧਾਰਾਵਾਂ ਲਾ ਕੇ ਗ੍ਰਿਫ਼ਤਾਰ ਕੀਤਾ। ਮੇਰਾ ਮਿੱਤਰ ਸਵ. ਕੁਲਵੰਤ ਜਗਰਾਉਂ ਵੀ ਉਦੋਂ ਇਸੇ ਸਕੂਲ 'ਚ ਅਧਿਆਪਕ ਸੀ। ਉਹ ਦੱਸਦਾ ਹੁੰਦਾ ਸੀ ਕਿ ਸੰਤ ਰਾਮ ਉਦਾਸੀ ਤਰਸੀ ਹੋਈ ਮੁਹੱਬਤੀ ਰੂਹ ਦਾ ਸਾਈਂ ਹੈ, ਜੇ ਕਿਤੇ ਦਾਰੂ ਮੰਡਲੀ ਤੋਂ ਮੁਕਤ ਹੋ ਜਾਵੇ ਤਾਂ 24 ਕੈਰਿਟ ਦਾ ਸ਼ੁੱਧ ਸੋਨਾ ਹੈ। ਨਿਰਛਲ, ਨਿਰਕਪਟ, ਨਿਰਵਿਕਾਰ। ਉਹ ਹਰ ਵਾਰ ਸਹੀ ਹੋਇਆ। ਕੁਝ ਗਲਤ ਮਲਤ ਕਰਦਾ ਹੁੰਦਾ ਤਾਂ ਸਜ਼ਾ ਬੋਲਦੀ। ਸਭ ਤੋਂ ਵੱਡੀ ਸਜ਼ਾ ਤਾਂ ਟੱਬਰ ਭੋਗਦਾ ਹੈ। ਤੰਗੀ ਤੁਰਸ਼ੀ ਵਾਲੇ ਘਰਾਂ 'ਚ ਇੱਕੋ-ਇੱਕ ਆਉਂਦੀ ਤਨਖਾਹ ਰੁਕ ਜਾਵੇ ਤਾਂ ਪਰਲੋ ਆ ਜਾਂਦੀ ਹੈ। ਐਮਰਜੈਂਸੀ ਨੇ ਤਾਂ ਉਸ ਦੀ ਪਰਿਵਾਰਕ ਰੀੜ੍ਹ ਦੀ ਹੱਡੀ ਹਿਲਾ ਕੇ ਰੱਖ ਦਿੱਤੀ ਸੀ। ਸਰੀਰਕ ਤੇ ਮਾਨਸਿਕ ਜਬਰ ਦੇ ਨਾਲ ਨਾਲ ਟੱਬਰ ਦਾ ਥਾਂ ਕੁ ਥਾਂ ਰੁਲਣਾ ਕਿਸ ਖਾਤੇ 'ਚ ਗਿਣੋਗੇ? ਸੂਰਮਿਆਂ ਦੀਆਂ ਵਾਰਾਂ ਸੁਣਨੀਆਂ ਚੰਗੀਆਂ ਲੱਗਦੀਆਂ ਨੇ ਪਰ ਸੂਰਮਿਆਂ ਦੇ ਪਰਿਵਾਰਾਂ ਨੇ ਉਸ ਦੀ ਕਿੰਨੀ ਕੀਮਤ ਤਾਰੀ ਹੈ, ਉਸ ਦਾ ਹਿਸਾਬ ਲਾਉਣਾ ਸੌਖਾ ਨਹੀਂ ਹੈ। ਸੰਤ ਰਾਮ ਉਦਾਸੀ ਦੇ ਧੀਆਂ ਪੁੱਤਰ ਜਦੋਂ ਉਸ ਸੰਤਾਪੇ ਦੌਰ ਦੀ ਬਾਤ ਸੁਣਾਉਂਦੇ ਹਨ ਤਾਂ ਅੱਜ ਵੀ ਲੂੰ ਕੰਡੇ

ਖੜ੍ਹੇ ਹੁੰਦੇ ਹਨ।

ਮੈਨੂੰ ਉਹ ਵਕਤ ਕਦੇ ਨਹੀਂ ਭੁੱਲਦਾ ਜਦ 1978 'ਚ ਲੁਧਿਆਣੇ ਸਾਹਿਤ ਟਰੱਸਟ ਢੁੱਡੀਕੇ ਵੱਲੋਂ ਸੰਤ ਰਾਮ ਉਦਾਸੀ ਨੂੰ ਪਹਿਲਾ ਬਾਵਾ ਬਲਵੰਤ ਪੁਰਸਕਾਰ ਦਿੱਤਾ ਗਿਆ। ਜਸਵੰਤ ਸਿੰਘ ਕੰਵਲ ਦੀ ਅਗਵਾਈ ਹੇਠ ਹੋਏ ਇਸ ਸਮਾਗਮ ਦੇ ਮੁੱਖ ਪ੍ਰਬੰਧਕ ਡਾ. ਸੁਰਿੰਦਰ ਸਿੰਘ ਦੁਸਾਂਝ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੋਹਰੀ ਆਗੂ ਪਿਰਥੀਪਾਲ ਸਿੰਘ ਰੰਧਾਵਾ ਸਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਇਹ ਸਮਾਗਮ ਹੋਇਆ ਸੀ। ਉਦਾਸੀ ਦੀ ਕਿਤਾਬ "ਲਹੂ ਭਿੱਜੇ ਬੋਲ" ਕਤਾਰਾਂ ਬੰਨ੍ਹ ਕੇ ਲੋਕ ਖ਼ਰੀਦ ਰਹੇ ਸਨ। ਮੈਨੂੰ ਚੇਤੇ ਹੈ ਕਿ ਇਸ ਸਮਾਗਮ 'ਚ ਉਦਾਸੀ ਨੇ ਘੱਟੋ ਘੱਟ 10 ਗੀਤ ਗਾਏ ਸਨ। ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਰੇ ਹੀ ਪੰਜਾਬ ਤੋਂ ਆਏ ਸਰਗਰਮ ਮੈਂਬਰ ਇਸ ਸਮਾਗਮ 'ਚ ਲੰਗਰ ਦੀ ਸੇਵਾ ਨਿਭਾ ਰਹੇ ਸਨ। ਮੈਂ ਏਨੀ ਰੂਹ ਵਾਲਾ ਅਦਬੀ ਸਮਾਗਮ ਅੱਜ ਤੀਕ ਨਹੀਂ ਵੇਖਿਆ, ਜਿਥੋਂ ਸਰੋਤਿਆਂ 'ਚ ਉਹ ਲੋਕ ਵੀ ਆਏ ਹੋਣ, ਜਿਹੜੇ ਆਖਣ ਕਿ ਸ਼ੁਕਰ ਹੈ! ਅਸੀਂ ਅੱਜ ਸੰਤ ਰਾਮ ਉਦਾਸੀ ਵੇਖ ਲਿਆ।

ਸੱਚ ਦੇ ਸੰਗਰਾਮ ਨੇ ਮਰਨਾ ਨਹੀਂ।
ਮੋਗੇ ਦੇ ਕਾਤਲ ਕਾਲਾ ਸੰਘਿਆਂ ਤੇ ਚੜ੍ਹ ਆਏ।

ਜਿਹੜੇ ਸਾਲ ਉਦਾਸੀ ਮਰਿਆ, ਉਸ ਤੋਂ ਦੋ ਕੁ ਵਰ੍ਹੇ ਪਹਿਲਾਂ ਦੀ ਗੱਲ ਹੋਵੇਗੀ। ਪ੍ਰੋ. ਮੋਹਨ ਸਿੰਘ ਮੇਲੇ 'ਤੇ ਹੋਏ ਕਵੀ ਦਰਬਾਰ 'ਚ ਸ਼ਾਮਿਲ ਕਵੀਆਂ ਨੇ ਅਜਬ ਮੰਗ ਰੱਖ ਦਿੱਤੀ ਕਿ ਸਾਨੂੰ ਵੀ ਦਾਰੂ ਪ੍ਰਸ਼ਾਦ ਦਿਉ। ਕਤਾਰਾਂ ਬੰਨ੍ਹ ਕੇ ਸ਼ੀਸ਼ੀਆਂ ਵੰਡੀਆਂ ਜਾ ਰਹੀਆਂ ਸਨ। ਉਦਾਸੀ ਹੁੱਝ ਮਾਰ ਕੇ ਮੈਨੂੰ ਕਹਿਣ ਲੱਗਾ, ਤੂੰ ਤਾਂ ਪੀਣੀ ਨਹੀਂ, ਆਪਣੇ ਵੰਡੇ ਦੀ ਸ਼ੀਸ਼ੀ ਮੈਨੂੰ ਲੈ ਦੇ! ਇਹ ਗੱਲ ਵਰਤਾਵੇ ਨੇ ਸੁਣ ਲਈ ਤੇ ਉਦਾਸੀ ਨੂੰ ਦੋਹਰਾ ਗੱਫਾ ਮਿਲ ਗਿਆ। ਮਗਰੋਂ ਸਵੇਰੇ ਪਤਾ ਲੱਗਾ ਕਿ ਭੁੱਖਣ ਭਾਣਾ ਉਦਾਸੀ, ਦਾਰੂ ਪ੍ਰਸ਼ਾਦ ਛਕ ਕੇ ਸਾਰੀ ਰਾਤ ਹੀ ਪੰਜਾਬੀ ਭਵਨ ਦੇ ਲਾਅਨ 'ਚ ਪਲਸੇਟੇ ਮਾਰਦਾ ਰਿਹਾ। ਜਿਥੇ ਜੀਵੰਤ ਅੰਦਾਜ਼ ਤੇ ਦਮਦਾਰ ਸ਼ਾਇਰੀ ਉਹਦੀ ਸ਼ਕਤੀ ਸੀ, ਉਥੇ 'ਦਾਰੂ' ਵੱਡੀ ਕਮਜ਼ੋਰੀ ਸੀ।

ਸੰਤ ਰਾਮ ਉਦਾਸੀ ਨੂੰ ਮੈਂ ਲਾਜਪਤ ਰਾਏ ਮੈਮੋਰੀਅਲ ਕਾਲਜ ਢੁੱਡੀਕੇ 'ਚ ਪੜ੍ਹਾਉਂਦਿਆਂ ਚਾਰ ਪੰਜ ਵਾਰ ਕਵੀ ਦਰਬਾਰਾਂ 'ਤੇ ਬੁਲਾਇਆ। ਉਹ ਹਰ ਵਾਰ ਆਉਂਦਾ ਤੇ ਇਹੀ ਕਹਿੰਦਾ "ਅੱਜ ਨਹੀਂ ਪੀਣੀ।" ਮੈਂ ਅਕਸਰ ਪੁੱਛਣਾ ਕਿ ਅੱਜ ਕੀ ਹੋ ਗਿਆ ਤਾਂ ਉਸ ਨੇ ਮੇਰੇ ਕੰਨ 'ਚ ਆਣ ਕਹਿਣਾ "ਤੇਰੇ ਪ੍ਰੀਤ ਨਗਰ ਆਏ ਹਾਂ, ਅੱਜ ਚਾਹ ਨਾਲ ਹੀ ਸਾਰਾਂਗੇ।" ਸੱਚ-ਮੁੱਚ ਮੇਰੇ ਨਿੱਕੇ ਜਹੇ ਪ੍ਰੀਤਨਗਰ 'ਚ ਉਹ ਹਮੇਸ਼ਾਂ ਨਸ਼ਾ ਮੁਕਤ ਹੋ ਕੇ ਹੀ ਆਇਆ। ਲਾਜਪਤ ਰਾਏ ਕਾਲਿਜ ਦੇ ਕਵੀ ਦਰਬਾਰ 'ਚ ਉਸ ਨੇ ਪਹਿਲੀ ਵਾਰ "ਮਜ਼ਦੂਰ ਦੀ ਕਲੀ" ਨਜ਼ਮ ਸੁਣਾਈ ਸੀ। ਰੇਡੀਓ ਵਾਲੇ ਕਵੀ ਦਰਬਾਰ ਰਿਕਾਰਡ ਕਰ ਰਹੇ ਸਨ ਪਰ ਮਗਰੋਂ ਬਰਾਡਕਾਸਟਿੰਗ ਵੇਲੇ ਉਹ ਨਜ਼ਮ ਗੈਰ-ਹਾਜ਼ਰ ਸੀ। ਮੇਰੀ ਰੂਹ ਤੇ ਉੱਕਰੀ ਉਹ ਨਜ਼ਮ ਤੁਸੀਂ ਵੀ ਸੁਣੋ-

ਤੂੰ ਮਜ਼ਦੂਰ ਤੇ ਤੇਰੀ ਵਿਥਿਆ ਵੀ ਮਜ਼ਦੂਰ ਹੈ,
ਇਹ ਕੋਈ ਗੱਲ ਨਵੀਂ ਨਾ ਤੇਰੇ ਸੁਣਨ ਸੁਣਾਉਣ ਨੂੰ।
ਜਦ ਤੂੰ ਬਾਲਮੀਕ ਸੀ, ਪਹਿਲੀ ਕਵਿਤਾ ਤੂੰ ਲਿਖ ਤੀ,
ਵਿਹਲੜ ਭੜੂਵਿਆਂ ਦੇ ਤੂੰ ਐਵੇਂ ਚਿੱਤ ਪਰਚਾਉਣ ਨੂੰ।
ਤੇਰੀ ਸੀਤਾ ਦਾ ਸਤ ਭੰਗ ਰਾਵਣ ਨੇ ਨਹੀਂ ਕੀਤਾ,
ਅੱਜ ਦੇ ਰਾਠਾਂ ਕੋਲੋਂ ਫਿਰਦੀ ਇੱਜ਼ਤ ਬਚਾਉਣ ਨੂੰ।
ਤੇਰੇ ਸਾਈਕਲ ਦੀ ਤਾਂ ਓਹੀ ਢਿਚਕੂੰ-ਢਿਚਕੂੰ ਹੈ,
ਸੜਕਾਂ ਬਣੀਆਂ ਏਥੇ ਸਸਤਾ ਮਾਲ ਢੋਹਣ ਨੂੰ।
ਤੇਰੀ ਛਪਰੀ ਨੂੰ ਤਾਂ ਮਿਲਣੀ ਲਾਟੂ ਜੋਗੀ ਹੀ,
ਲੱਖ ਤੂੰ ਗੱਡ ਲੈ ਖੰਭੇ ਘਰ ਘਰ ਬਿਜਲੀ ਲਿਆਉਣ ਨੂੰ।
ਤੇਰਾ ਭੋਲੂ ਤਾਂ ਨਿੱਤ ਰੀਂ ਰੀਂ ਕਰਦਾ ਰਹਿੰਦਾ ਹੈ,
ਧੀ ਹੈ ਤੇਰੀ ਜਾਂਦੀ ਬੰਗਲੀਂ ਬਾਲ ਖਿਡਾਉਣ ਨੂੰ।
ਤੇਰੇ ਮਿੱਠੂ ਦੀ ਨਿੱਤ ਜਾਏ ਤੜਾਗੀ ਢਿਲਕਦੀ,
ਭੁੱਖੀ ਪਤਨੀ ਨੂੰ ਨਾ ਉੱਤਰੇ ਦੁੱਧ ਚੁੰਘਾਉਣ ਨੂੰ।
ਜਿਹੜੀ ਧਰਤੀ ਨੂੰ ਤੂੰ ਮਾਂ ਵਰਗੀ ਨਿੱਤ ਕਹਿੰਦਾ ਸੀ,
ਉਹਦਾ ਇਕ ਓਰਾ ਵੀ ਨਹੀਂ ਤੇਰੇ ਸਹੁੰ ਖਾਣ ਨੂੰ।
ਸੁੱਖ ਦਾ ਸਾਹ ਨਾ ਮਿਲਿਆ ਵੋਟਾਂ ਵਾਲੇ ਡੱਬਿਆਂ ਚੋਂ,
ਤੂੰ ਕਿਉਂ ਪੰਜ ਸਾਲਾਂ ਲਈ ਤੁਲਿਆ ਹੱਥ ਵਢਾਉਣ ਨੂੰ।
ਤੈਨੂੰ ਪਿਆ ਭੁਲੇਖਾ ਭਗਤੀ ਦੇ ਵਿੱਚ ਭੰਗਣਾ ਦਾ,
ਤਾਹੀਉਂ ਸਾਧਾਂ ਤੋਂ ਨਿੱਤ ਫਿਰਦੈਂ ਉੱਨ ਲੁਹਾਉਣ ਨੂੰ।
ਤੇਰੀ ਕਿਰਤ ਤਾਂ ਭਾਵੇਂ ਜਸ ਖੱਟ ਲੈਂਦੀ ਰਾਠਾਂ ਦਾ,
ਐਪਰ ਜਾਤ ਤਾਂ ਤੇਰੀ ਗਿਟੱਲ ਢੇਡ ਕਹਾਉਣ ਨੂੰ।
ਕਦੋਂ ਕੁ ਪਿੰਡੇ ਉੱਪਰੋਂ ਨਿਕਲੂਗੀ ਪੰਡ ਜੂੰਆਂ ਦੀ,
ਕਦੋਂ ਕੁ ਤੂੰ ਤੁਰਨਾ ਹੈ ਚਾਨਣ ਦੇ ਵਿਚ ਨਹਾਉਣ ਨੂੰ।
ਕਦੋਂ ਕੁ ਸਿਰ 'ਚੋਂ ਨਿਕਲੂ ਰੇਤਾ ਠਿੱਬਿਆਂ ਛਿੱਤਰਾਂ ਦਾ,
ਕਦੋਂ ਕੁ ਤਿਆਰ ਹੋਏਂਗਾ ਸੱਜਰੀ ਮਹਿਕ ਹੰਢਾਉਣ ਨੂੰ।
ਚੋਰੀ ਸੇਠ ਕਰੇ ਤੇ ਫੜ੍ਹਿਆ ਚੌਕੀਦਾਰ ਹੈ,
ਦੇਸ਼ ਵਿਰੋਧੀ ਅਨਸਰ ਕਹਿ ਕੇ ਦਹਿਸ਼ਤ ਪਾਉਣ ਨੂੰ।
ਜੇਕਰ ਗੰਦ ਹੂੰਝਣ ਦੇ ਲਈ ਹੀ ਮਾਂ ਨੇ ਜੰਮਿਆ ਸੀ,
ਫਿਰ ਤੂੰ 'ਬਹੁਕਰ' ਫਿਰਦੈਂ ਕਿਉਂ ਬੰਦਾ ਅਖਵਾਉਣ ਨੂੰ।
ਹੁਣ ਸਬਰ ਜ਼ਰਾ ਜੇ ਤੂੰ ਕਰਿਆ,

ਤੇਰਾ ਫਿਰ ਜਾਣਾ ਹੈ ਘੁੱਟ ਭਰਿਆ।
ਜੋ ਕਿਰਤਸ਼ਾਹੀ 'ਚੋਂ ਚਮਕੇਗਾ,
ਉਹ ਸੱਚਾ ਤੇਰਾ ਰਾਜ ਹੋਊ, ਮੈਂ ਸਦਕੇ।
ਵਿਹਲੜ ਭੱਜਦੇ ਵੇਖੀਂ ਕਿੱਦਾਂ ਜਿੰਦ ਬਚਾਉਣ ਨੂੰ।

ਉਦਾਸੀ ਕੋਲ ਧਰਤੀ ਦੀ ਮਰਿਯਾਦਾ ਅਤੇ ਜ਼ੁਬਾਨ ਦਾ ਸੰਪੂਰਨ ਗਿਆਨ ਸੀ। ਇਸ ਜ਼ੁਬਾਨ ਨੂੰ ਉਸਨੇ ਆਪਣੀ ਕਾਵਿ-ਅਭਿਵਿਅਕਤੀ ਲਈ ਖ਼ੂਬ ਵਰਤਿਆ। ਆਪਣੇ ਤੋਂ ਪੂਰਬਲੇ ਸ਼ਾਇਰਾਂ ਤੋਂ ਵੀ ਉਹ ਪ੍ਰੇਰਨਾ ਲੈਂਦਾ ਸੀ। ਇਕੋ ਮਿਸਾਲ ਦੇਣੀ ਚਾਹਾਂਗਾ। ਸੁਲਤਾਨਪੁਰ ਲੋਧੀ ਤੋਂ ਇੰਗਲੈਂਡ ਗਏ ਬੁਲੰਦ ਸ਼ਾਇਰ ਸਵ: ਨਿਰੰਜਨ ਸਿੰਘ ਨੂਰ ਦੇ ਨਾਕਿਸ ਹੋਣ ਵੇਲੇ ਦੇ ਇਕ ਪ੍ਰਸਿੱਧ ਗੀਤ 'ਡੋਲੀ' ਨੂੰ ਉਦਾਸੀ ਨੇ ਬਦਲਵੇਂ ਅੰਦਾਜ਼ 'ਚ ਪੇਸ਼ ਕਰਕੇ ਕਮਾਲ ਕਰ ਵਿਖਾਈ। ਨਾਕਿਸ ਨੇ ਲਿਖਿਆ ਸੀ।

ਹੱਸ ਹੱਸ ਡੋਲੀ ਮੇਰੀ ਤੋਰ ਦੇ ਤੂੰ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਜਿਵੇਂ ਆਪਾਂ ਸਾਰਿਆਂ ਦਾ ਢਿੱਡ ਰੋਟੀ ਮੰਗਦਾ ਏ,
ਮਾਂਗ ਮੇਰੀ ਮੰਗਦੀ ਸੰਧੂਰ।

ਸੰਤ ਰਾਮ ਉਦਾਸੀ ਨੇ ਗੀਤ ਦੀ ਸਥਾਈ ਥੋੜ੍ਹੀ ਜਿਹੀ ਤਬਦੀਲ ਕਰਕੇ ਇਹ ਕਰ ਲਈ।

ਹੱਸ ਹੱਸ ਤੋਰ ਦੇ ਤੂੰ ਡੋਲੀ ਮੇਰੀ ਬਾਬਲਾ ਵੇ,
ਕਿਹੜੀ ਗੱਲੋਂ ਰਿਹਾ ਏਂ ਤੂੰ ਝੂਰ।
ਧਰਤੀ ਤਿਹਾਈ ਜਿਉਂ ਪਸੀਨਾ ਮੰਗੇ ਕਾਮਿਆਂ ਦਾ,
ਮਾਂਗ ਮੇਰੀ ਮੰਗਦੀ ਸੰਧੂਰ।

ਇਸ ਗੀਤ ਦੇ ਬੰਦ ਤਾਂ ਕੁਲ ਚਾਰ ਹੀ ਨੇ ਪਰ ਚਾਰੇ ਹੀ ਕਮਾਲ ਦੀ ਕਾਵਿ ਉਡਾਰੀ ਵਾਲੇ। ਉਦਾਸੀ ਦੀ ਮੌਲਿਕ ਸਾਦਗੀ ਵਿਚੋਂ ਫੁੱਟ-ਫੁੱਟ ਪੈਂਦਾ ਸੁਹਜ। ਇੱਕੋ ਬੰਦ ਹੀ ਸੁਣਾਵਾਂਗਾ, ਸੁਣਿਓ।

ਸੱਚੀ ਸੁੱਚੀ ਚੁੰਨੀ ਤੇਰੀ, ਸੁਣ ਮੇਰੀ ਅੰਮੀਏ ਨੀ,
ਸਾਡਾ ਹੈ ਸੀ ਆਲ੍ਹਣਾ ਬਣੀ।
ਸਾਡੇ ਜਿੰਨਾ ਪਿਆਰ ਨੀ ਹੰਢਾ ਨਾ ਸਕੇ ਮਾਏ ਕੋਈ,
ਭਾਵੇਂ ਹੋਵੇ ਲੱਖਾਂ ਦਾ ਧਨੀ।
ਡੱਕੋ ਨਾ ਵੇ ਵੀਰੋ, ਸਾਡੀ ਡਾਰ ਵੇ ਉਡਾਰਨਾਂ ਦੀ,
ਸਾਡੀਆਂ ਤਾਂ ਮੰਜ਼ਿਲਾਂ ਨੇ ਦੂਰ।

ਉਦਾਸੀ ਕੋਲ ਲੋਕ ਭਾਸ਼ਾ ਦਾ ਅਟੁੱਟ ਭੰਡਾਰ ਹੈ। ਕਦੇ ਨਾ ਮੁੱਕਣ ਵਾਲਾ ਸ਼ਬਦ ਸਰਮਾਇਆ। ਉਸ ਦਾ ਇਕ ਗੀਤ ਹੈ, ਬਿਲਕੁਲ ਲੋਕ ਗੀਤਾਂ ਵਰਗਾ।

ਦੇਸ਼ ਹੈ ਪਿਆਰਾ ਸਾਨੂੰ ਜ਼ਿੰਦਗੀ ਪਿਆਰੀ ਨਾਲੋਂ
ਦੇਸ਼ ਤੋਂ ਪਿਆਰੇ ਇਹਦੇ ਲੋਕ ਹਾਣੀਆਂ।
ਅਸਾਂ ਤੋੜ ਦੇਣੀ
ਅਸਾਂ ਤੋੜ ਦੇਣੀ ਲਹੂ ਪੀਣੀ ਜੋਕ ਹਾਣੀਆਂ।
ਸੁਣ ਲਵੋ ਕਾਗੋ, ਅਸੀਂ ਕਰ ਦੇਣਾ ਥੋਨੂੰ ਪੁੱਠੇ,
ਘੁੱਗੀਆਂ ਦੇ ਬੱਚਿਆਂ ਨੂੰ ਕੋਹਣ ਵਾਲਿਓ।
ਰੋਟੀ ਬੱਚਿਆਂ ਦੇ,
ਰੋਟੀ ਬੱਚਿਆਂ ਦੇ ਹੱਥਾਂ ਵਿਚੋਂ ਖੋਹਣ ਵਾਲਿਓ।

ਸੰਤ ਰਾਮ ਉਦਾਸੀ ਪ੍ਰਚੱਲਤ ਗੀਤਾਂ ਦੀਆਂ ਤਰਜ਼ਾਂ ਨੂੰ ਵੀ ਇਨਕਲਾਬੀ ਭਾਵਾਂ ਦੇ ਸੰਚਾਰ ਲਈ ਖ਼ੂਬ ਵਰਤ ਲੈਂਦਾ ਸੀ। ਉਸ ਵਾਸਤੇ ਸ਼ਬਦ ਅਤੇ ਅਰਥ ਮਹੱਤਵਪੂਰਨ ਸਨ। ਤਾਂ ਹੀ ਬਾਬੂ ਸਿੰਘ ਮਾਨ ਦੇ ਲਿਖੇ ਅਤੇ ਨਰਿੰਦਰ ਬੀਬਾ ਦੇ ਗਾਏ ਗੀਤ "ਚਿੱਟੀਆਂ ਕਪਾਹ ਦੀਆਂ ਫੁੱਟੀਆਂ" ਦੀ ਤਰਜ਼ 'ਤੇ ਉਦਾਸੀ ਨੇ ਬੇਹੱਦ ਖ਼ੂਬਸੂਰਤ ਗੀਤ ਸਿਰਜਿਆ।

ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ
ਬੜੇ ਹੀ ਅਸੀਂ ਦੁੱਖੜੇ ਜਰੇ।
ਆਖਣਾ ਸਮੇਂ ਦੀ ਸਰਕਾਰ ਨੂੰ,
ਉਹ ਗਹਿਣੇ ਸਾਡਾ ਦੇਸ਼ ਨਾ ਧਰੇ।
ਅੱਜ ਘਾਤ ਲਾਈ ਬੈਠੇ ਸਾਮਰਾਜੀਏ ਵਪਾਰੀ।
ਸਿਰੇ ਚੜ੍ਹਦੀ ਨੀ ਹੁੰਦੀ ਜਿਹੜੀ ਪੈਸਿਆਂ ਦੀ ਯਾਰੀ।
ਸਾਡੀ ਧੁੱਪ ਨਾਲ ਮੱਸਿਆ ਕਲੇਸ਼ ਨਾ ਕਰੇ।

ਉਦਾਸੀ ਦੀ ਕਲਮ ਵਿਚੋਂ ਅੱਥਰੂਆਂ ਵਰਗੇ ਬੋਲ ਵੀ ਕਿਰਦੇ ਹਨ ਅਤੇ ਤਣੇ ਹੋਏ ਮੁੱਕੇ ਵਾਲੀ ਵੰਗਾਰ ਵੀ। ਉਸ ਦੇ ਬੋਲ ਸਾਨੂੰ ਸਮਾਜਕ ਤਬਦੀਲੀ ਲਈ ਤਿਆਰ ਕਰਦੇ ਹਨ। ਕੇਵਲ ਰੁਦਨ ਨਹੀਂ ਸੰਘਰਸ਼ ਦੀ ਪ੍ਰੇਰਨਾ ਵੀ ਦੇਂਦੇ ਹਨ। ਉਸਦੇ ਬੋਲ ਸਮਤੋਲ ਵਿੱਚ ਤੁਰਦੇ ਹਨ। ਅੱਜ ਭਰੂਣ ਹੱਤਿਆ, ਦਾਜ ਦਹੇਜ ਦੀ ਅਤੇ ਹੋਰ ਅਨੇਕਾਂ ਸਮਾਜਕ ਬੀਮਾਰੀਆਂ ਸਾਡੇ ਸਮਾਜਿਕ ਚੌਗਿਰਦੇ ਨੂੰ ਘੇਰੀ ਬੈਠੀਆਂ ਹਨ। ਇਨ੍ਹਾਂ ਸਭਨਾਂ ਦੀ ਜੜ੍ਹ ਜਾਣਦਿਆਂ ਉਦਾਸੀ ਬੋਲਦਾ ਹੈ।

ਜੰਮੀਂ ਨਾ ਨੀ ਮਾਏ ਸਾਨੂੰ ਇਹੋ ਜਿਹੇ ਪਿੰਡ,
ਜਿੱਥੇ ਸਧਰਾਂ ਦੇ ਸੰਗਲ ਰਵੇ।
ਜਿਥੇ ਮੇਰੇ ਵੀਰ ਦੀਆਂ ਤੱਤੀਆਂ ਤਰੇਲੀਆਂ ਦਾ,
ਚੱਪਾ ਟੁੱਕ ਮੁੱਲ ਨਾ ਪਵੇ।
ਜਿਹੜੇ ਪਿੰਡ ਲਾਵਾਂ ਦੀਆਂ ਅੱਖੀਆਂ 'ਚ ਅੱਥਰੂ,
ਤੇ ਸਿਹਰਿਆਂ ਦੇ ਅੱਖਾਂ ਵਿੱਚ ਅੱਗ ਨੀ।
ਜੰਮਦੀਆਂ ਕੁੜੀਆਂ ਨੂੰ ਰੋਗ ਜਿਥੇ ਦਾਜ ਦਾ ਹੈ,
ਜਾਂਦਾ ਅਠਰਾਹੇ ਵਾਂਗੂੰ ਲੱਗ ਨੀ,

ਜਿਹੜੇ ਪਿੰਡ ਸੋਨੇ ਦਿਆਂ ਬੁੰਦਿਆਂ ਦੀ
ਥਾਵੇਂ ਕੰਨੀਂ ਭੁੱਖਿਆਂ ਦਾ ਹਾਉਕਾ ਹੀ ਪਵੇ।

ਰੋਟੀ ਲੈਣ ਗਿਆ ਵੀਰਾ ਪੂੰਝਦਾ ਹੈ ਆਉਂਦਾ ਮਾਏ,
ਮੱਥੇ ਉੱਤੋਂ ਡਾਂਗਾਂ ਦਾ ਲਹੂ।
ਰਾਠਾਂ ਦੀ ਹਵੇਲੀ ਵਿੱਚੋਂ ਖੁੱਸਿਆ ਸਰੀਰ ਲੈ ਕੇ,
ਮੁੜੀ ਮੇਰੇ ਵੀਰ ਦੀ ਬਹੂ।
ਪੱਥਰਾਂ ਨੂੰ ਤੋੜੇ ਬਿਨਾਂ ਅੱਗ ਨਾ ਈਜਾਦ ਹੋਣੀ,
ਕਿਹੜਾ ਭੋਲੇ ਬਾਪੂ ਨੂੰ ਕਹੇ।

ਸੰਤ ਰਾਮ ਉਦਾਸੀ ਦੇ ਕਾਵਿ-ਬੋਲਾਂ ਨਾਲ ਪਹਿਲੀ ਸੰਗਠਿਤ ਜਾਣ ਪਛਾਣ ਸਭ ਤੋਂ ਪਹਿਲਾਂ ਤਪਾ ਮੰਡੀ ਵਾਲੇ ਸੀ ਮਾਰਕੰਡਾ ਨੇ ਆਪਣੇ ਮੈਗਜ਼ੀਨ 'ਕਿੰਤੂ' ਰਾਹੀਂ ਕਰਵਾਈ ਸੀ। ਇਸ ਮੈਗਜ਼ੀਨ ਦੇ ਸੰਤ ਰਾਮ ਉਦਾਸੀ ਵਿਸ਼ੇਸ਼ ਅੰਕ ਵਿੱਚ ਉਸ ਦੀਆਂ ਕਵਿਤਾਵਾਂ ਤੇ ਗੀਤ ਪਹਿਲੀ ਵਾਰ ਪ੍ਰਕਾਸ਼ਤ ਰੂਪ 'ਚ ਪ੍ਰਗਟ ਹੋਏ ਸਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਸੁਰਿੰਦਰ ਸਿੰਘ ਦੁਸਾਂਝ ਨੇ ਉਦਾਸੀ ਦੀ ਕਾਵਿ-ਪਰੋਖਤਾ ਨੂੰ ਲੋਕਾਂ ਹਵਾਲੇ ਨਵੇਂ ਸੰਗ ਸਮੇਤ ਪੇਸ਼ ਕੀਤਾ। ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਪਿਰਥੀਪਾਲ ਸਿੰਘ ਰੰਧਾਵਾ ਅਤੇ ਉਸ ਤੋਂ ਮਗਰੋਂ ਸ਼ਹੀਦ ਬਲਦੇਵ ਸਿੰਘ ਮਾਨ ਅਤੇ ਕੁਲਦੀਪ ਸਿੰਘ ਧਾਲੀਵਾਲ (ਹੁਣ ਅਮਰੀਕ ਵਾਸੀ) ਨੇ ਵੀ ਉਦਾਸੀ ਨੂੰ ਬਿਆਸ ਪਾਰਲੇ ਜਵਾਨ ਤਬਕੇ ਨੂੰ ਲਗਾਤਾਰ ਮਿਲਾਇਆ। ਉਦਾਸੀ ਦੇ ਬੋਲਾਂ ਵਿਚ ਜਾਦੂਮਈ ਕਸ਼ਿਸ਼ ਦਾ ਹੀ ਪ੍ਰਤਾਪ ਸੀ ਕਿ ਗੁਰਸ਼ਰਨ ਸਿੰਘ ਦੇ ਡਰਾਮਿਆਂ ਵਾਂਗ ਹੀ ਪਿੰਡਾਂ 'ਚ ਸੰਤ ਰਾਮ ਉਦਾਸੀ ਦੇ ਗੀਤ ਵੀ ਖਿੱਚ ਬਣ ਗਏ। ਸੈਂਕੜੇ ਪਿੰਡਾਂ 'ਚ ਸ. ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਵਿਚਕਾਰਲੇ ਅੰਤਰਾਲ ਵਿੱਚ ਸੰਤ ਰਾਮ ਉਦਾਸੀ ਨੇ ਗੀਤ ਗਾਏ ਹੋਣਗੇ। ਉਸਦੇ ਗਾਏ ਗੀਤਾਂ ਨੂੰ ਲੋਕਾਂ ਨੇ ਆਪਣੇ ਯਾਦ ਖਜ਼ਾਨੇ 'ਚ ਹੁਣ ਤੀਕ ਸਾਂਭ ਕੇ ਰੱਖਿਆ ਹੋਇਆ ਹੈ। ਸ਼ਾਇਦ ਏਸੇ ਕਰਕੇ ਹੀ ਗੁਰਸ਼ਰਨ ਸਿੰਘ, ਉਦਾਸੀ ਨੂੰ ਪੰਜਾਬੀ ਜ਼ੁਬਾਨ ਦੀ ਇਨਕਲਾਬੀ ਸਰੋਦੀ ਕਵਿਤਾ ਦਾ ਸਿਖ਼ਰ ਮੰਨਦੇ ਹਨ। ਹੱਕ-ਸੱਚ ਇਨਸਾਫ਼ ਲਈ ਆਪਣੀ ਲਲਕਾਰ ਉਸ ਨੇ ਕਿਤੇ ਵੀ ਲੁਕਵੀਂ ਨਹੀਂ ਰੱਖੀ। ਕਿਰਤੀ ਕਾਮਿਆਂ ਦੀ ਆਵਾਜ਼ ਅਤੇ ਲੋਕ ਸੰਘਰਸ਼ਾਂ ਦਾ ਸੂਰਮਾ ਜ਼ਿੰਦਗੀ 'ਚੋਂ ਸਰੀਰਕ ਰੂਪ 'ਚ ਭਾਵੇਂ ਖਾਰਜ ਹੋ ਗਿਆ ਹੈ ਪਰ ਸਾਹਾਂ ਸਵਾਸਾਂ ਵਿੱਚ ਅੱਜ ਵੀ ਹਾਜ਼ਰ ਹੈ।

ਪਾਸ਼, ਉਦਾਸੀ ਦੇ ਜਿਉਂਦੇ ਜੀਅ ਭਾਵੇਂ ਕਈ ਤਰ੍ਹਾਂ ਦਾ ਅਜੀਬੋ ਗਰੀਬ ਸ਼ੁਗਲ ਮੇਲਾ ਕਰ ਲੈਂਦਾ ਸੀ ਪਰ ਉਸ ਦੇ ਮਰਨ ਮਗਰੋਂ ਪਾਸ਼ ਦੀ ਇਹ ਟਿੱਪਣੀ ਬੜੀ ਮੁੱਲਵਾਨ ਅਤੇ ਹਕੀਕਤ ਬਿਆਨਦੀ ਹੈ। "ਉਦਾਸੀ ਮੈਨੂੰ ਏਡਾ ਕੱਦਾਵਰ ਤੇ ਅਪਹੁੰਚ ਲੱਗਦਾ ਹੈ ਕਿ ਆਪਣੇ ਆਪ ਨੂੰ ਉਹਦਾ ਸਮਕਾਲੀ ਆਖਦਿਆਂ ਵੀ ਸੰਗ ਆਉਂਦੀ ਹੈ। ਬੋਹਲਾਂ ਦੇ ਵਿਚਾਲੇ ਭੁੱਖੇ ਸੁੱਤੇ ਕਾਮਿਆਂ ਦੇ ਟੋਲੇ ਦੀ ਮਨੋਦਸ਼ਾ ਬਾਰੇ ਪੰਜਾਬੀ ਦੇ ਕਿਸੇ ਹੋਰ ਕਵੀ ਨੇ ਕਦੇ ਨਹੀਂ ਸੋਚਿਆ। ਸ਼ੁਕਰ ਏ, ਆਰੰਭ ਤਾਂ ਹੋਇਆ।"

ਦਰਸ਼ਨ ਖਟਕੜ ਦੇ ਬੋਲ ਉਦਾਸੀ ਦੇ ਕਾਵਿ ਨੂੰ ਨੇੜਿਉਂ ਜਾਣਦੇ ਪ੍ਰਤੀਤ ਹੁੰਦੇ ਹਨ। ਉਸ ਦੀ ਸੁੱਚੀ ਸੁਥਰੀ ਭਾਵਨਾ ਨੂੰ ਪਛਾਨਣ ਵਾਲੇ। ਉਦਾਸੀ ਕਿਰਤੀ ਲੋਕਾਂ ਦੀ ਲੁੱਟ ਖਸੁੱਟ, ਗ਼ੁਰਬਤ, ਤੰਗੀਆਂ, ਔਕੜਾਂ ਅਤੇ ਆਸਾਂ-ਉਮੀਦਾਂ ਦਾ ਸਫ਼ਲ ਚਿਤੇਰਾ ਕਵੀ ਸੀ। ਇਹ ਹੀ ਨਹੀਂ ਉਹ ਠੋਸ ਰੂਪ ਵਿੱਚ ਜਮਾਤੀ ਦੁਸ਼ਮਣਾਂ ਦੀ ਸ਼ਨਾਖਤ ਕਰਨ ਵਾਲਾ ਜਮਾਤੀ ਸੰਘਰਸ਼ ਦਾ ਵੀ ਸ਼ਾਇਰ ਸੀ। ਉਦਾਸੀ ਨੇ ਕਿਰਤੀ ਲੋਕਾਂ ਦੀ ਆਰਥਿਕ ਲੁੱਟ ਤੇ ਦਮਨ ਨੂੰ ਹੀ ਕਾਵਿਕ ਪ੍ਰਗਟਾਵੇ ਵਿੱਚ ਨਹੀਂ ਢਾਲਿਆ ਸਗੋਂ ਉਨ੍ਹਾਂ ਦੀ ਮਾਨਸਿਕ, ਸਰੀਰਕ ਤੇ ਮਨੋ ਵਿਗਿਆਨਕ ਲੁੱਟ ਦਮਨ ਨੂੰ ਵੀ ਆਪਣੀ ਕਾਵਿ ਰਚਨਾ ਰਾਹੀਂ ਸਫ਼ਲਤਾ ਪੂਰਵਕ ਉਜਾਗਰ ਕੀਤਾ ਹੈ। ਪਬੁੱਧ ਪੰਜਾਬੀ ਗ਼ਜ਼ਲਗੋ ਜਸਵਿੰਦਰ (ਰੋਪੜ) ਲੰਮਾ ਸਮਾਂ ਸੰਤ ਰਾਮ ਉਦਾਸੀ ਦਾ ਸਾਥੀ ਤੇ ਸਹਿਯੋਗੀ ਰਿਹਾ ਹੈ। ਉਸਦੇ ਕਥਨ ਦੀ ਅਹਿਮੀਅਤ ਵੀ ਸੰਭਾਲਣੀ ਬਣਦੀ ਹੈ। ਜਸਵਿੰਦਰ ਮੁਤਾਬਕ, "ਸੰਤ ਰਾਮ ਉਦਾਸੀ ਵਿਵਸਥਾ ਨੂੰ ਵੰਗਾਰਦੀ ਰੋਹ ਭਰੀ ਹੇਕ ਦਾ ਨਾਂ ਹੈ। ਉਦਾਸੀ ਨੇ ਇਨਕਲਾਬੀ ਗੀਤਕਾਰੀ ਦੇ ਯੁੱਗ ਦਾ ਆਰੰਭ ਕੀਤਾ। ਉਸ ਦੇ ਗੀਤ ਉਸ ਦੇ ਦਰਦਨਾਕ ਅੰਤ ਤੋਂ ਬਾਅਦ ਵੀ ਚਿਰਾਂ ਤੀਕ ਫਿਜ਼ਾ ਵਿੱਚ ਗੂੰਜਦੇ ਰਹਿਣਗੇ। ਉਹ ਅਜਿਹਾ ਸਿਰੜੀ ਸ਼ਾਇਰ ਸੀ, ਜਿਸ ਨੇ ਘੋਰ ਗਰੀਬੀ ਭੋਗਦਿਆਂ ਵੀ ਹੱਕ-ਸੱਚ ਦੀ ਜੰਗ ਵਿਚ ਹਾਰ ਨਹੀਂ ਮੰਨੀ। ਉਸ ਨੂੰ ਵਿਦਰੋਹੀ ਗੀਤਾਂ ਕਾਰਨ ਇਨਟੈਰੋਗੇਸ਼ਨ ਸੈਂਟਰ ਵਿੱਚ ਤਸੀਹੇ ਝੱਲਣੇ ਪਏ। ਤਸ਼ੱਦਦ ਕਾਰਨ ਉਹਦੀਆਂ ਅੱਖਾਂ ਦੀ ਰੌਸ਼ਨੀ ਨਾ ਮਾਤਰ ਰਹਿ ਗਈ। ਉਹਦੀ ਸੋਚ ਦਾ ਸੂਰਜ ਹੋਰ ਵੀ ਤਪ, ਤੇਜ਼ ਨਾਲ ਕੰਮੀਆਂ ਦੇ ਵਿਹੜੇ ਵਿੱਚ ਮੱਘਦਾ ਰਿਹਾ।

ਸੰਤ ਰਾਮ ਉਦਾਸੀ ਦੇ ਲੋਕ ਮੁਹਾਵਰੇ ਨੂੰ ਪਛਾਣਦਿਆਂ ਹੀ ਸੰਗਰੂਰ ਵੱਸਦੇ ਸੁਰੀਲੇ ਗਾਇਕ ਸ਼ਿੰਗਾਰਾ ਸਿੰਘ ਚਾਹਲ ਨੇ ਉਸ ਦੇ ਕਲਾਮ ਨੂੰ ਦੋ ਆਡਿਓ ਟੇਪਾਂ ਵਿੱਚ ਰੀਕਾਰਡ ਕੀਤਾ, ਉਸਦੇ ਪੁੱਤਰਾਂ-ਧੀਆਂ ਨੇ ਵੀ ਉਦਾਸੀ ਦੇ ਅੰਦਾਜ਼ ਨੂੰ ਸੰਭਾਲਿਆ ਹੈ। ਪੁੱਤਰ ਮੋਹਕਮ ਨੇ ਤਾਂ ਆਪਣੀ ਆਵਾਜ਼ 'ਚ ਇਕ ਟੇਪ ਵੀ ਰੀਕਾਰਡ ਕੀਤੀ ਸੀ। ਇਵੇਂ ਹੀ

ਜਸਵੀਰ ਜੱਸੀ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਉਦਾਸੀ ਦੇ ਗੀਤ 'ਕੰਮੀਆਂ ਦਾ ਵਿਹੜਾ' ਦੀ ਪੇਸ਼ਕਾਰੀ ਕੀਤੀ।

ਲੋਕ ਸੰਗੀਤ ਮੰਡਲੀ, ਭਦੌੜ ਨੇ ਵੀ ਸੰਤ ਰਾਮ ਉਦਾਸੀ ਦੇ ਗੀਤਾਂ ਨੂੰ ਮਾਸਟਰ ਰਾਮ ਕੁਮਾਰ ਦੇ ਸੰਗੀਤ ਵਿੱਚ ਰਿਕਾਰਡ ਕੀਤਾ। ਦੇਸ ਰਾਜ ਛਾਜਲੀ ਅਤੇ ਕਈ ਹੋਰ ਸੰਗੀਤ ਮੰਡਲੀਆਂ ਨੇ ਸੰਤ ਰਾਮ ਉਦਾਸੀ ਦੇ ਬੋਲਾਂ ਨੂੰ ਲੋਕਾਂ ਹਵਾਲੇ ਸੁਰੀਲੇ ਅੰਦਾਜ਼ 'ਚ ਕੀਤਾ।

ਸੰਤ ਰਾਮ ਉਦਾਸੀ ਦੇ ਮੂੰਹੋਂ ਜਿਹੜਾ ਆਖਰੀ ਗੀਤ ਮੈਂ ਸੁਣਿਆ ਉਹ 'ਜੋਗੀ ਉੱਤਰ ਪਹਾੜੋਂ ਆਏ' ਸੀ। ਅੱਜ ਵੀ ਉਸ ਦੀ ਹੂਕ ਰੂਹ ਨੂੰ ਝੰਜੋੜ ਜਾਂਦੀ ਹੈ। 'ਧਰਤੀ ਪੁੱਤਰਾਂ ਨੂੰ ਜਗਾਉਂਦੀ ਹੂਕ' ਆਪਣੇ ਸ਼ਹੀਦ ਸਾਥੀਆਂ ਨੂੰ ਵੀ ਇਸ ਗੀਤ 'ਚ ਉਹ ਬੜੀ ਕਮਾਲ ਨਾਲ ਚੇਤੇ ਕਰਦਾ ਹੈ।

ਕਿਰਨਾਂ ਕੋਲੋਂ ਕੰਨ ਪੜਵਾ ਕੇ,
ਬਰਫ਼ਾਂ ਜਿਉਂ ਢਲ ਆਏ।
ਜੋਗੀ ਉੱਤਰ ਪਹਾੜੋਂ ਆਏ।
ਇਕ ਬੈਠੇ ਨਾ ਵਾਂਗ ਸਮੁੰਦਰ,
ਉੱਡ ਗਏ ਅੰਬਰਾਂ ਤਾਈਂ।
ਜਿਸ ਥਾਂ ਵੇਖੀ ਜੂਨ ਤਰਾਸੀ,
ਹੋ ਗਏ ਪਾਣੀ ਪਾਣੀ।
ਕੁਝ ਮੜ੍ਹੀਆਂ ਦੇ ਬਣ ਗਏ ਨਗਮੇ,
ਕੁਝ ਰਾਹ ਲੰਮੜੇ ਨੂੰ ਧਾਏ।
ਜੋਗੀ ਉੱਤਰ ਪਹਾੜੋਂ ਆਏ।

ਸੰਤ ਰਾਮ ਉਦਾਸੀ ਦੀ ਇਕ ਬੜੀ ਹੀ ਅਣਗੌਲੀ ਕਵਿਤਾ "ਪਰਵਾਸੀ ਨੂੰ" ਹੈ। ਇਸ 'ਚ ਉਹ ਪਰਦੇਸੋਂ ਪਰਤ ਕੇ ਪਰਵਾਸੀ ਵੀਰ ਨਾਲ ਗੁਫ਼ਤਗੂ ਕਰਦਾ ਹੈ। ਆਪਣੀ ਧਰਤੀ ਮਾਂ ਨਾਲ ਨਿੱਘ ਦਾ ਰਿਸ਼ਤਾ ਦਸਦਿਆਂ ਉਹ ਕਹਿੰਦਾ ਹੈ ਕਿ ਇਸ ਧਰਤੀ ਵਰਗੀ ਥਾਂ ਸੱਤਾਂ ਦੀਪਾਂ ਵਿਚ ਹੋਰ ਕਿਤੇ ਵੀ ਨਹੀਂ ਹੈ। ਪਰਦੇਸ ਗਏ ਭਰਾਵਾਂ ਨੂੰ ਇਸ਼ਾਰੇ ਨਾਲ ਸਮਝਾਉਂਦਿਆਂ ਕਹਿੰਦਾ ਹੈ ਕਿ ਜਿਹੜੀ ਕੋਇਲ ਬਾਗ ਛੱਡ ਕੇ ਕਾਂਵਾਂ ਦੀ ਸੰਗਤ ਵਿੱਚ ਰਹਿਣ ਦੀ ਆਦਤ ਪਾ ਲਵੇ ਉਸ ਨੂੰ ਮੁੜ ਬਾਗਾਂ 'ਚ ਪਰਤਣਾ ਨਸੀਬ ਨਹੀਂ ਹੁੰਦਾ। ਵਿਹੜਿਆਂ ਦੀ ਰੌਣਕ ਤੋਂ ਟੁੱਟੇ ਬਾਲਾਂ ਨੂੰ ਮਾਂ ਬੋਲੀ ਤੋਂ ਨਿਖੇੜ ਕੇ ਆਪਣੇ ਭਵਿੱਖ ਨਾਲ ਖੇਡੇ। ਜੜਾਂ ਨਾਲੋਂ ਟੁੱਟਣ ਦੀ ਪੀੜ ਦਾ ਉਦਾਸੀ ਨੇ ਕਿੰਨਾ ਖ਼ੂਬਸੂਰਤ ਅਹਿਸਾਸ ਕਰਵਾਇਆ।

ਜਿਨ ਬੱਚਿਆਂ ਨੂੰ ਵਿਚ ਜਣੇਪੇ ਬੋਚ ਲਿਆ ਜ਼ਰਦਾਰਾਂ।
ਉਹ ਕੀ ਜਾਨਣ ਚਿਣੇ ਵੀ ਜਾਂਦੇ, ਬੱਚੇ ਵਿੱਚ ਦੀਵਾਰਾਂ।
ਕਿਵੇਂ ਸਿਆਣ ਕਰਨਗੇ ਪੋਤੇ, ਆ ਦਾਦੀ ਦੀ ਜੂਹ ਦੀ।
ਦਾਦੀ ਦੇ ਝੁਰੜਾਏ ਚਿਹਰੇ ਤੇ ਵਿਆਕੁਲ ਜਹੀ ਰੂਹ ਦੀ।
ਧਰਤੀ ਬਾਂਝ ਨਹੀਂ ਹੈ ਆਪਣੀ, ਬਾਂਝਾਂ ਨੇ ਸਰਕਾਰਾਂ।
ਜਾਂ ਉਹ ਲੋਕ ਬਾਂਝ ਜੋ ਪਾਉਂਦੇ, ਕਿਸਮਤ ਨੂੰ ਫਿਟਕਾਰਾਂ।

ਗੁਰੂ ਨਾਨਕ ਹੋਵੇ ਜਾਂ ਭਾਈ ਮਰਦਾਨਾ, ਮਰਦਾਨਣ ਹੋਵੇ ਜਾਂ ਮਾਈ ਭਾਗੋ, ਰਵੀਦਾਸ ਹੋਵੇ ਜਾਂ ਭਾਈ ਦਿਆਲਾ, ਗੁਰੂ ਤੇਗ ਬਹਦਾਰ ਹੋਵੇ ਜਾਂ ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਹੋਵੇ ਜਾਂ ਬਾਬਾ ਦੀਪ ਸਿੰਘ, ਮਾਉ ਜੇ ਤੁੰਗ ਹੋਵੇ ਜਾਂ ਬਾਬਾ ਮਾਰਕਸ, ਬਾਬਾ ਬੂਝਾ ਸਿੰਘ ਹੋਵੇ ਜਾਂ ਵੀਅਤਨਾਮ 'ਚ ਸ਼ਹੀਦ ਹੋਇਆ ਕੋਈ ਇਨਕਲਾਬੀ ਆਗੂ, ਸੰਤ ਰਾਮ ਉਦਾਸੀ ਇਕੋ ਜਿੰਨੀ ਸ਼ਿੱਦਤ ਨਾਲ ਚੇਤੇ ਕਰਦਾ ਹੈ। ਧਰਤੀ ਪੁੱਤਰ ਹੋਣ ਦਾ ਇਹੀ ਪ੍ਰਮਾਣ ਹੈ। ਉਦਾਸੀ ਨੂੰ ਪੜ੍ਹਦਿਆਂ ਕਦੇ ਵੀ ਤੁਸੀਂ ਉਦਾਸ ਨਹੀਂ ਹੁੰਦੇ, ਪੌਣਾਂ 'ਚ ਉੱਡਦੇ ਹੋ, ਇੱਕੋ ਛੜੱਪੇ ਦਰਿਆਉਂ ਪਾਰ ਜਾ ਸਕਦੇ ਹੋ। ਕਿਸੇ ਸ਼ਾਇਰ ਦੀ ਇਸ ਤੋਂ ਵੱਡੀ ਹੋਰ ਕਿਹੜੀ ਪ੍ਰਾਪਤੀ ਹੋ ਸਕਦੀ ਹੈ।

## ਬਾਬਾ ਨਾਨਕ

**ਲਾਲਾ ਧਨੀ ਰਾਮ ਚਾਤ੍ਰਿਕ**

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ ਦੇ ਆਈਨੇ ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ ਦੇ ਸੀਨੇ ਤੇ।
ਬਾਲਕ ਵਾਗੀ ਬੁੱਢਾ ਕੀਤਾ, ਬੇਰ ਬਣਾਇਆ ਰੇਠੇ ਦਾ,
ਰਾਇ ਬੁਲਾਰ ਮੁਰੀਦ ਕਰ ਲਿਆ, ਪਾ ਕੇ ਨੂਰ ਨਗੀਨੇ ਤੇ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ ਨੂੰ,
ਸੱਜਣ ਠੱਗ ਨੂੰ ਝਾਤ ਪੁਆਈ, ਘਰ ਵਿਚ ਪਏ ਦਫ਼ੀਨੇ ਤੇ।

10. Raga Dhanasari: Lu Chaupadas, 1 Arti, 2 Ashtpadas, 3 Chhants

11. Raga Tilang: Sr. Chaupadas, 2 Ashtpadas

12. Raga Soohi: 8 Chaupadas, Sr. Ashtpadas (including 3 kafis) kuchajji and suchajji padas
13. Raga Bilawal: 4 Chaupadas, 2 Ashtpadas, 1 Thiti, 2 Chhants, 2 Shlokas
14. Raga Ramkali: 11 Chaupada, 8. Ashtpadas, 1 Deccan Onkar (4 padas), Siddh Gosht (73) Padas
15. Raga Maru: 12 Chaupadas, 11 Ashtpadas (including 2 kafis) 22 Sohilas, 17 Shlokas Varin Mahla 3
16. Raga Tukhari: Baramah,(11 Padas) Sr. Chaupadas
17. Raga Bhairav: Lu Chaupadas, 1 Ashtpada
18. Raga Basant: 12 Chaupadas, 1 Ashtpada
19. Raga Sarang:3 Chaupadas,2 Ashtpadas,3 Shlokas(Var Mahla
20. Raga Malhar: 8 Chaupadas, Sr. Ashtpadas, 24 Shlokas, 2 Lu paudis
21. Raga Parbhati and Vibhas: 17 Chaupadas, 7 Ashtpadas
22. Sahaskriti: 4 Shlokas 23,33 Shlokas

The guru was a great singer and musician who knew how to compose songs, notation them, framing dialogues (Sidh Gosht) and distinguish between the Hero (God) and Heroine (Suchajji and Kuchajji). These are the symptoms of a great artist)

There are two schools in Indian classical music-Northern and Southern. Most of the guru's compositions are in Northern style while some are in Southern and still some others are a mélange of the two. He composed bani in 18 ragas of the Northern school- Siri Raga, Maajh, Gaudi, Asa, Gujri, Wadhans, Sorath, Dhanasari, Tilang, Soohi, Bilawal, Ramkali, Bhairau, Basant, Sarang, Malhar, Vibhas, Bihagada.

The six ragas of Deccan school include Ramkali Dakhani, Bilawal Dakhani, Wadhans Dakhani, Parbhati, Maru, Tukhari.

Three mixed ragas are Basant-Hindol, Parbhati-Vibhas, Asa Kafi.

He composed his bani in 29 ragas. The title of each of his writings is not the subject of treatment but the raga and at some places there is a directive regarding the tune to be adopted e.g. Asa di Var is supposed to be sung in Tunde Asraje di dhuni.

The successors of Guru Nanak have used the name of the first Master only, not their own name in their writings. The fifth guru put the ragas in an order while including the compositions of the gurus prior to him, his own writings and those of the saints and sages from other faiths while editing Guru Granth Sahib. The kernel message of the entire bani is the philosophy of Guru Nanak only. The inclusion of the writings of those from other faiths is what makes Guru Granth Sahib the most unique scripture in the world. It propagates the message of universal fraternity. This is the only scripture which is governed by ragas i.e. a perfect combination of literature and music.

Osho Rajnish writes, “Guru Nanak attained God by singing." When Gur Nanak sings, he is joined by the forces of the universe as well. He writes in Raga Asa:

**so dar tayraa kayhaa so ghar kayhaa jit bahi sarab samaalay.**
**vaajay tayray naad anayk asankhaa**
**kaytay tayray vaavanhaaray. kaytay tayray raag paree si-o kahee-ahi**
**kaytay tayray gaavanhaaray.**

**gaavan tuDhno pavan paanee baisantar**
**gaavai raajaa Dharam du-aaray.**
**…………………………..**
**gaavan tuDhno khand mandal barahmandaa**
**kar kar rakhay tayray Dhaaray.**

**(Raag Aasaa Mehlaa 1, page 8)**

Nanak bani gives a beautiful description of the Creator and His creation i.e. Nature.

**kudrat pa-un paanee baisantar kudrat Dhartee khaak.**
**sabh tayree kudrat tookaadir kartaa paakee naa-ee paak.**

**(Mehlaa 1, page 464)**

The creation of God is true as also the praises sung for Him:

**sachee tayree sifat sachee saalaah.**
**sachee tayree kudrat sachay paatisaah.**

**(Salok Mehlaa 1, page 463)**

When Guru Nanak sings the praises to God he finds the entire universe joining him. He envisions sky as a big platter with Moon and Sun as lamps in it. The platte shimmers with innumerable stars and the air fans. The floral vegetation serves as incense in the cosmic arti and the universe as a whole is singing. Entranced in this state, the guru says,

**kaisee aartee ho-ay. bhav khandnaa tayree aartee.**
**anhataa sabad vaajant bhayree. ||1|| rahaa-o.**

**(Raag Dhanaasree Mehlaa 1, page 13)**

Guru Nanak Dev is an eternal light to keep guiding the mankind for all the ages to come. Before abandoning his physical frame he transferred his mantel to Bhai Lehna who was later known as Guru Angad Dev.

Gurbani is an eternal truth which comes true on the scientific criterion as well. Its understanding makes man free of all attachment and illusion. It is the scripture of the Masters and Master of the scriptures. There are three aspects of music- vocal, instrumental and dance. Nanak's bani mentions all the three of these. He praises God by singing in the form of keertan which ever since became an integral part of Sikh life. Bhai Gurdas writes about Guru Nanak Dev's time:

**Ghar ghar andar dharmsaal hove keertan sada vasoaa.**
**Ate ghar ghar baba gaaviye vajan taal mridang rababa.**

**Instrumental music**

The first musical instrument of Gurmat music is the rebeck or rabab. While setting out on odysseys Guru Nanak Dev takes along Mardana, the rebeck player. Thereafter, toeing the tradition Guru Arjun Dev, Guru Har Gobind and Guru Gobind Singh also made use of musical instruments like saranda, taus, taanpura etc. along with tabla and mridang. Harmonium is an incomplete instrument for Indian music with the result that there is no mention of it in Gurmat

music during the guru-period. It is a western instrument which came to India with the English.

**Dance**

While showering praises on God it has been directed:

**naach ray man gur kai aagai.**

**gur kai bhaanai naacheh taa sukh paavahi antay jam bha-o bhaagai. rahaa-o.**

**(Goojree Mehlaa 3 Ghar 1, page 506)**

Guru Nanak Dev writes in raga Asa:

**raag naad nahee doojaa bhaa-o. it rang naachahu rakh rakh paa-o. ||2||**

**(Aasaa Mehlaa 1, page 350)**

And

**tayraa jan nirat karay gun gaavai.**

**rabaab pakhaavaj taal ghunghroo anhad sabad vajaavai. ||1|| rahaa-o.**

**parathmay man parboDhai apnaa paachhai avar reejhaavai.**

**(Aasaa Mehlaa 5, page 381)**

Music is the common language of the globe. Wherever Guru Nanak Dev ji went during his tours, he would use music as a means of communication. As per one particular anecdote, the guru went to a particular place where women were drawing water from the well. Their language was not understandable. “Baba, which place we have come to? We don't understand their language and they don't follow ours? What shall we do here?” Mardana said.

“Bhai ji, it's Saurashtra. Sorathi seems to be the raga of this place. So, you play sorathi, you will be understood.” The guru replied. Thus the guru used music as lingua franca. He wrote gurbani also in local ragas, seasonal ragas and folk-tunes. The Gurbani could be propagated far and wide only due to its being notaioned in different ragas.

Although, the tenth Master Guru Gobind Singh has his own granth called 'Dasam Granth' which includes the eulogies of God, Chandi Chritra, Bachitra Natak, Pauranic parables and Chritropakhyan etc. But in this granth also, on Guru Nanak Dev's pattern, the guru has composed bani in 18 ragas. Here also we find mention ofthree aspects of music. Like Guru Nanak and Guru Arjun Dev, the tenth guru too has made use of dhrupad khyal gayan and different styles of singing in folk tunes. In raga Ramkali Guru Gobind Singh mentions divine music at an elevated spiritual stage in the shabd "Remann eh bidh jog kamao:

**Baje param taat tatu hari ko Upje raag rasaram.**

**Ughte taan tarang rangi ati Gyan geet bandhanam.**

**Chaki chaki dev daanav muni Chhak chhak byom bivanam.**

**Atam updes bhej sanjam ko Jaap su ajapa jape.**

**Sada rahe kanchan si kaya Kaal na kabahu byape.**

Paying obeisance to different forms of Akalpurkh the tenth guru says:

**Namast sat raage**

(My greetings to the raga and creator of ragas)

**Namo geet geete**

(My greetings to the song and creator of song)

**Namo taan taane**

(My greetings to the taan {tune} and creator of taan)

**Namo nrit nrite**

(My greetings to the dance and creator of dance)

**Namo naad naade**

(My greetings to the music and creator of music)

**Namo saaz saaze**

(My greetings to the musical instruments and creator of musical instruments)

All the gurus have toed the line of the first Master for propagating the gurmat ideology. Gurmat has music at heart and knowledge in its mind.

On the occasion of celebration of Guru Nanak 's 550$^{th}$. birth anniversary today, the condition of his philosophy and music is quite dismal. Gurbani has been reduced to the parrot like repetition of recitations rather than understanding it. The Sikh conduct is not in accordance with Gurbani. The scripture is wrapped in silken scarves like an idol. Keertan too has become a profession today. Raghbir Singh writes about the prevailing situation of music in Sikh society:

"The stringed instruments have been displaced with harmonium now. Since the last decades of nineteenth century harmonium has become popular. With hereditary rabab players and ragis becoming an extinct species these days it has been observed that the cinema and TV tunes have tempted both the keertan performers and the sangat. In this fast changing phase of life the tradition of singing gurbani as per the pristine style has been preserved commendably by the namdharis. They got their youths trained by the doyens of Gurmat music. Some other institutions viz. Guru Gobind Singh Study Circle Ludhian and Jawaddi Taksal of Baba Sucha Singh (who founded 'Vismad Naad') also followed suit. The goal of these institutions is to propagate the traditional keertan style.

In namdhari sect the Sikh face, philosophy, tradition and keertan style are preserved in their purity. Satgur Jagjit Singh propagated gurmat tenets of Guru Nanak Dev, the impeccable pronunciation of gurbani and keertan tradition at a large scale during his tenure of guruship (1959-2012). Here is an excerpt from the discourse of Satguru Jagjit Singh, "Try to ensure that your children learn Punjabi and read gurbani. The mission of Guru Nanak means giving up violence, helping the needy and protecting the weak." The namdhari chief wasnted every youth of his sect to be well versed in gurbani and he stressed upon rendition of bani in the ragas ordained by the Sikh masters.

**References:**


1. Lal Ehi Rattan-2, P.60-61
2. Adi Granth da Sangeetak Prichay (Dr. D.S.Narula, P.88-89)
3. Gavahu Sachi Bani- Dr. Raghubir Singh
4. Gur Gyan Mala-Discourse Satguru Jagjit Singh.

# A Saga Of Sri Satguru Jagjit Singh Ji



**Dr. Sharada Jayagovind**

Patsha ji trusted this lieutenant of his so much that he authorized Surinder Singh with Power of Attorney when he was just nineteen years old. Patsha ji knew that any work entrusted to Surinder Singh would be accomplished. The site on which Satguru Partap Singh Hospitals, Ludhiana, stands was embroiled in legal issues. Under Patsha ji's guidance, Surinder Singh successfully cleared all the issues. Surinder Singh's contribution in clearing obstacles and facilitating the development of the Martyrs Memorial at Malerkotla, Raikot and Ludhiana is worth mentioning.

Those days Sri Bhaini Sahib was not connected with telephone services and Patsha ji would visit Surinder Singh's house at Ludhiana to make and receive telephone calls. During one such visit, Surinder Singh's wife complained to Patsha ji that her husband neglected his business and spent all his time in the service of the Guru. Patsha ji showered his blessings on the family and consoled the wife not to worry as the Satguru would take care of the welfare of his devotees. Soon after that, Surinder Singh's business flourished and the family attained peace and prosperity.

It was Satguru Jagjit Singh ji's wish to build a worthy memorial in honour of the sixty-six Kuka martyrs who had laid down their lives for the protection of cows and the motherland.

The land in Malerkotla on which the memorial had to be erected belonged to the government and had to be procured from the Ministry of Defence. Patsha ji used his good offices and succeeded in convincing the government to allot the land to the Memorial Trust so that the noble memorial could be built. The sixty-six feet high steel structure is awe-inspiring. It is a worthy tribute to the valiant sons of Bharat.

The foundation stone of the Malerkotla monument was laid on 24th June, 1993 by Sri Satguru Jagjit Singh Ji. The event was organized under the supervision and presence of the then Chief Minister of Punjab, Sardar Beant Singh. Thousands of Namdharis had come to pay their respects to the martyrs.

June is the hottest month of the year in Punjab. Patsha ji was concerned about the comfort of the audience. As per the wish of Satguru ji, the pandal was fitted with fans and coolers. But the cool winds and the summer drizzle arrived and turned the whole atmosphere in to a pleasant one. It looked as if Mother Nature herself was paying tribute to the brave Namdhari warriors who had laid down their lives for the motherland and the protection of cows.

**Political stance**

Satguru Partap Singh ji had established a close rapport with the Congress leaders such as Pandit Nehru and Saifuddin Kitchlew. His Holiness supported the actions and strategies initiated by Congress to attain Independence. Patsha ji followed the policy of his father and maintained a close relationship with Congress leaders. In 1962, Patsha ji donated Rupees fifty-one thousand on behalf of the Namdharis to the Defence Fund and personally handed over the amount to Pandit Jawaharlal Nehru ji.

Smt. Indira Gandhi, Sri Rajiv Gandhi, Dr. Manmohan Singh, Sri Atal Bihari Vajpayee, Sardar Beant Singh and Sardar Parkash Singh Badal admired and shared a warm relationship with Patsha ji. Smt. Indira Gandhi highly valued the views and suggestions of Patsha ji in matters of politics in Punjab and other Northern states.

In 1977 when Smt. Gandhi lost the elections, Patsha ji told her: "Madam, please do not lose heart, we are with you. You will come back to power soon."

Political pundits had predicted that Smt. Indira Gandhi would not regain power for a decade. But their prediction proved wrong and within three years, in 1980, she captured Delhi again.

Sri Rajiv Gandhi too maintained the same regard for Patsha ji. Patsha ji's rapport with the leaders facilitated the implementation of welfare programmes meant for the uplift of the people.

In 1982, Patsha ji wished to celebrate the annual Hola Mohalla in Gola Gokarnath, Uttar Pradesh. Many advised him against holding the festival outside Punjab. But Patsha ji loved challenges and decided to go ahead with his decision.

Giani Zail Singh ji, who was the Home Minister then and Sri Rajiv Gandhi attended the event. They arrived in a helicopter and added colour to the occasion. Special trains were arranged to bring people from Punjab and the festival was a huge success. Thakur Uday Singh ji, who was then in charge of the Gola Gokarnath farm, recalls how the entire Namdhari Sikh sangat worked day and night to fulfill the wish of Patsha ji. After the programme, Patsha ji blessed Giani

Zail Singh ji saying:

"We wish to see you as President of India."

That blessing came true.

Satguru Jagjit Singh ji was an ajaatashatru, one who had no enemies. Leaders of all political parties had a cordial relationship with the Satguru ji. They respected him immensely and held him in high regard. At many programmes organised by Patsha ji, the dais was shared by leaders of Bharatiya Janata Party, Congress, Akali Dal, Communist Party of India and even CPM. Patsha ji was fearless in expressing his opinion. During one of the events, Patsha ji openly stated that even though Namdhari Sikhs support Congress, it is the Akali government that has implemented many welfare measures for the Namdhari community.

*To be continued......*

# ਕਾਵਿ-ਕਿਆਰੀ

## ਗੁਰੂ ਨਾਨਕ ਸ਼ਾਹ

**ਨਜ਼ੀਰ ਅਕਬਰਾਬਾਦੀ**

ਹੈਂ ਕਹਤੇ ਨਾਨਕ ਸ਼ਾਹ ਜਿਨਹੇਂ ਵਹ ਪੂਰੇ ਹੈਂ ਆਗਾਹ ਗੁਰੂ।
ਵਹ ਕਾਮਿਲ ਰਹਬਰ ਜਗ ਮੇਂ ਹੈਂ ਯੂੰ ਰੌਸ਼ਨ ਜੈਸੇ ਮਾਹ ਗੁਰੂ।
ਮਕਸੂਦ ਮੁਰਾਦ, ਉੱਮੀਦ ਸਭੀ, ਬਰ ਲਾਤੇ ਹੈਂ ਦਿਲਖ਼ਵਾਹ ਗੁਰੂ।
ਨਿਤ ਲੁਤਫ਼-ਓ-ਕਰਮ ਸੇ ਕਰਤੇ ਹੈਂ ਹਮ ਲੋਗੋਂ ਕਾ ਨਿਰਬਾਹ ਗੁਰੂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।1।

ਹਰ ਆਨ ਦਿਲੋਂ ਵਿਚ ਯਾਂ ਅਪਨੇ ਜੋ ਧਯਾਨ ਗੁਰੂ ਕਾ ਲਾਤੇ ਹੈਂ।
ਔਰ ਸੇਵਕ ਹੋ ਕਰ ਉਨਕੇ ਹੀ ਹਰ ਸੂਰਤ ਬੀਚ ਕਹਾਤੇ ਹੈਂ।
ਗੁਰੂ ਅਪਨੀ ਲੁਤਫ਼-ਓ-ਇਨਾਯਤ ਸੇ ਸੁਖ ਚੈਨ ਉਨਹੇਂ ਦਿਖਲਾਤੇ ਹੈਂ।
ਖ਼ੁਸ਼ ਰਖਤੇ ਹੈਂ ਹਰ ਹਾਲ ਉਨਹੇਂ ਸਬ ਤਨ ਕਾਂ ਕਾਜ ਬਨਾਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।2।

ਜੋ ਆਪ ਗੁਰੂ ਨੇ ਬਖ਼ਸ਼ਿਸ਼ ਸੇ ਇਸ ਖ਼ੂਬੀ ਕਾ ਇਰਸ਼ਾਦ ਕੀਯਾ।
ਹਰ ਬਾਤ ਹੈ ਵਹ ਇਸ ਖ਼ੂਬੀ ਕੀ ਤਾਸੀਰ ਨੇ ਜਿਸ ਪਰ ਸਾਦ ਕੀਯਾ।
ਯਾਂ ਜਿਸ-ਜਿਸ ਨੇ ਉਨ ਬਾਤੋਂ ਕੋ ਹੈ ਧਯਾਨ ਲਗਾ ਕਰ ਯਾਦ ਕੀਯਾ।
ਹਰ ਆਨ ਗੁਰੂ ਨੇ ਦਿਲ ਉਨਕਾ ਖ਼ੁਸ਼ ਵਕਤ ਕੀਯਾ ਔਰ ਸ਼ਾਦ ਕੀਯਾ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।3।

ਦਿਨ ਰਾਤ ਜਿਨ੍ਹੋਂ ਨੇ ਯਾਂ ਦਿਲ ਬਿਚ ਹੈ ਯਾਦ ਗੁਰੂ ਸੇ ਕਾਮ ਲੀਯਾ।
ਸਬ ਮਨ ਕੇ ਮਕਸਦ ਭਰ ਪਾਏ ਖ਼ੁਸ਼ ਵਕਤੀ ਕਾ ਹੰਗਾਮ ਲੀਯਾ।
ਦੁਖ-ਦਰਦ ਮੇਂ ਅਪਨਾ ਧਯਾਨ ਲਗਾ ਜਿਸ ਵਕਤ ਗੁਰੂ ਕਾ ਨਾਮ ਲੀਯਾ।
ਪਲ ਬੀਚ ਗੁਰੂ ਨੇ ਆਨ ਉਨਹੇਂ ਖ਼ੁਸ਼ ਹਾਲ ਕੀਯਾ ਔਰ ਥਾਮ ਲੀਯਾ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।4।

ਯਾਂ ਜੋ-ਜੋ ਦਿਲ ਕੀ ਖ਼ਵਾਹਿਸ਼ ਕੀ ਕੁਛ ਬਾਤ ਗੁਰੂ ਸੇ ਕਹਤੇ ਹੈਂ।
ਵਹ ਅਪਨੀ ਲੁਤਫ਼-ਓ-ਸ਼ਫ਼ਕਤ ਸੇ ਨਿਤ ਹਾਥ ਉਨਹੀਂ ਕੇ ਗਹਤੇ ਹੈਂ।
ਅਲਤਾਫ਼ ਸੇ ਉਨਕੇ ਖ਼ੁਸ਼ ਹੋ ਕਰ ਸਬ ਖ਼ੂਬੀ ਸੇ ਯਹ ਕਹਤੇ ਹੈਂ।
ਦੁਖ ਦੂਰ ਉਨਹੀਂ ਕੇ ਹੋਤੇ ਹੈਂ ਸੌ ਸੁਖ ਸੇ ਜਗ ਮੇਂ ਰਹਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।5।

ਜੋ ਹਰਦਮ ਉਨਸੇ ਧਯਾਨ ਲਗਾ ਉਮੀਦ ਕਰਮ ਕੀ ਧਰਤੇ ਹੈਂ।
ਵਹ ਉਨ ਪਰ ਲੁਤਫ਼-ਓ-ਇਨਾਯਤ ਸੇ ਹਰ ਆਨ ਤਵੱਜੈ ਕਰਤੇ ਹੈਂ।
ਅਸਬਾਬ ਖ਼ੁਸ਼ੀ ਔਰ ਖ਼ੂਬੀ ਕੇ ਘਰ ਬੀਚ ਉਨਹੀਂ ਕੇ ਭਰਤੇ ਹੈਂ।
ਆਨੰਦ ਇਨਾਯਤ ਕਰਤੇ ਹੈਂ ਸਬ ਮਨ ਕੀ ਚਿੰਤਾ ਹਰਤੇ ਹੈਂ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੋ ਵਾਹ ਗੁਰੂ।6।

ਜੋ ਲੁਤਫ਼ ਇਨਾਯਤ ਉਨਮੇਂ ਹੈਂ ਕਬ ਵਸਫ਼ ਕਿਸੀ ਸੇ ਉਨਕਾ ਹੈ।
ਵਹ ਲੁਤਫ਼-ਓ-ਕਰਮ ਜੋ ਕਰਤੇ ਹੈਂ ਹਰ ਚਾਰ ਤਰਫ਼ ਹੈ ਹਾਜ਼ਿਰ ਵੋ।
ਅਲਤਾਫ਼ ਜਿਨ੍ਹੋਂ ਪਰ ਹੈਂ ਉਨਕੇ ਸੌ ਖ਼ੂਬੀ ਹਾਸਿਲ ਹੈਂ ਉਨਕੋ।
ਹਰ ਆਨ 'ਨਜ਼ੀਰ' ਅਬ ਯਾਂ ਤੁਮ ਭੀ ਬਾਬਾ ਨਾਨਕ ਸ਼ਾਹ ਕਹੋ।

ਇਸ ਬਖ਼ਸ਼ਿਸ਼ ਕੇ ਇਸ ਅਜ਼ਮਤ ਕੇ ਹੈਂ ਬਾਬਾ ਨਾਨਕ ਸ਼ਾਹ ਗੁਰੂ।
ਸਬ ਸੀਸ ਨਿਵਾ ਅਰਦਾਸ ਕਰੋ, ਔਰ ਹਰਦਮ ਬੋਲੇ ਵਾਹ ਗੁਰੂ।7।

(**ਕਾਮਿਲ**-ਮੁਕੰਮਲ, **ਰਹਬਰ**-ਰਾਹ ਵਿਖਾਣ ਵਾਲੇ, **ਮਾਹ**-ਚੰਨ, **ਮਕਸੂਦ ਮੁਰਾਦ**-ਦਿਲ ਚਾਹੀ ਇੱਛਾ, **ਅਜ਼ਮਤ**-ਵਡਿਆਈ, ਸ਼ਾਨ, **ਇਰਸ਼ਾਦ**-ਉਪਦੇਸ਼ ਦਿੱਤਾ, **ਤਾਸੀਰ**-ਅਸਤ, **ਮਕਸਦ**-ਮਨੋਰਥ, ਇੱਛਾ, **ਹੰਗਾਮ**-ਵੇਲੇ, **ਸ਼ਫ਼ਕਤ**-ਮਿਹਰਬਾਨੀ, **ਗਹਤੇ**-ਵੜਦੇ, **ਅਲਤਾਫ਼**-ਮਿਹਰਬਾਨੀ, **ਤਵੱਜੈ**-ਧਿਆਨ ਹੋਣਾ, **ਵਸਫ਼**-ਗੁਣਗਾਨ)

## ਨਾਨਕ

**ਮੁਹੰਮਦ ਇਕਬਾਲ**

ਕੌਮ ਨੇ ਪੈਗਾਮੇ ਗੌਤਮ ਕੀ ਜ਼ਰਾ ਪਰਵਾਹ ਨ ਕੀ।
ਕਦਰ ਪਹਚਾਨੀ ਨ ਅਪਨੇ ਗੌਹਰੇ ਯਕ ਦਾਨਾ ਕੀ।

ਆਹ ! ਬਦਕਿਸਮਤ ਰਹੇ ਆਵਾਜ਼ੇ ਹਕ ਸੇ ਬੇਖ਼ਬਰ।
ਗ਼ਾਫ਼ਿਲ ਅਪਨੇ ਫਲ ਕੀ ਸ਼ੀਰੀਨੀ ਸੇ ਹੋਤਾ ਹੈ ਸ਼ਜਰ।

ਆਸ਼ਕਾਰ ਉਸਨੇ ਕੀਯਾ ਜੋ ਜ਼ਿੰਦਗੀ ਕਾ ਰਾਜ਼ ਥਾ।
ਹਿੰਦ ਕੋ ਲੇਕਿਨ ਖ਼ਯਾਲੀ ਫ਼ਲਸਫੇ ਪਰ ਨਾਜ਼ ਥਾ।

ਸ਼ਮਏਂ-ਹਕ ਸੇ ਜੋ ਮੁਨੱਵਰ ਹੋ ਯੇ ਵੋ ਮਹਫ਼ਿਲ ਨ ਥੀ।
ਬਾਰਿਸ਼ੇ ਰਹਮਤ ਹੂਈ ਲੇਕਿਨ ਜ਼ਮੀਂ ਕਾਬਿਲ ਨ ਥੀ।

ਆਹ ! ਸ਼ੂਦਰ ਕੇ ਲੀਏ ਹਿੰਦੁਸਤਾਨ ਗ਼ਮ ਖ਼ਾਨਾ ਹੈ।
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।

ਬ੍ਰਹਮਨ ਸ਼ਰਸ਼ਾਰ ਹੈ ਅਬ ਤਕ ਮਯੇ ਪਿੰਦਾਰ ਮੇਂ।
ਸ਼ਮਏਂ ਗੌਤਮ ਜਲ ਰਹੀ ਹੈ ਮਹਫ਼ਿਲੇ ਅਗ਼ਯਾਰ ਮੇਂ।

ਬੁਤਕਦਾ ਫਿਰ ਬਾਦ ਮੁੱਦਤ ਕੇ ਰੌਸ਼ਨ ਹੂਆ।
ਨੂਰੇ ਇਬਰਾਹੀਮ ਸੇ ਆਜ਼ਰ ਕਾ ਘਰ ਰੌਸ਼ਨ ਹੂਆ।

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਯਾ ਖ਼ਾਬ ਸੇ।

(**ਗੌਹਰ**-ਮੋਤੀ, **ਸ਼ੀਰੀਨੀ**-ਮਿਠਾਸ, **ਸ਼ਜਰ**-ਰੁੱਖ, **ਆਸ਼ਕਾਰ**-ਪ੍ਰਗਟ, **ਮੁਨੱਵਰ**-ਰੋਸ਼ਨ, **ਸ਼ਰਸ਼ਾਰ**-ਸੰਤੁਸ਼ਟ, **ਪਿੰਦਾਰ**-ਹੰਕਾਰ, **ਅਗ਼ਯਾਰ**-ਦੂਸਰੇ, **ਤੌਹੀਦ**-ਰੱਬ ਇੱਕ ਹੈ)

## ਗੁਰੂ ਨਾਨਕ ਜੀ

**ਜਾਵੇਦ ਜ਼ਕੀ**

ਨਾਨਕ ਰੂਪ ਸੁਬ੍ਹਾ ਦੀ ਲਾਲੀ
ਰੁਤਬਾ ਆਲੀ ਆਲੀ।
ਮੁੱਖ ਰਿਸ਼ਮਾਂ ਦਾ ਧੋਤਾ ਹੋਇਆ
ਸੂਰਤ ਕਰਮਾਂ ਵਾਲੀ।

ਤੇਰੀ ਮਹਿਕ ਝੱਲੀ ਜੱਗ ਸਾਰੇ
ਗਲੀਆਂ ਦਵਾਰੇ ਦਵਾਰੇ।
ਇਕ ਦੁਨੀਆ 'ਤੇ ਚਾਨਣ ਕੀਤਾ
ਤੇਰੇ ਮੁੱਖ ਲਸ਼ਕਾਰੇ।
ਸਾਡੇ 'ਤੇ ਵੀ ਕਰਮ ਕਰੀਂ ਚਾ
ਮੁੱਕ ਜਾਵੇ ਬਦ ਹਾਲੀ।

ਆ ਵੰਜ ਮਾਹੀ ਅੰਦਰ ਵੱਸ ਚਾ
ਲੂੰ ਲੂੰ ਦੇ ਵਿੱਚ ਰਸ ਚਾ।
ਮੰਨ ਥੀਵੇ ਚਾ ਹਰਿਆ ਭਰਿਆ
ਕਿਧਰੋਂ ਨਿੰਮਾ ਹੱਸ ਚਾ।
ਪ੍ਰੇਮ ਜੋਤ ਦੀ ਰੰਗਲੀ ਜੋਤ ਜਗਾ ਦੇ
ਦੁਨੀਆ ਥੈ ਸੁਖਾਲ਼ੀ।

ਮੈਂ ਔਗੁਣ ਮੇਰਾ ਸੀਨਾ ਭਰ ਚਾ
ਅੰਦਰ ਨੂਰੀ ਕਰ ਚਾ।
ਮੁੱਕ ਜਾਵਣ ਸਭ ਰੌਲ਼ੇ-ਗੌਲ਼ੇ
ਰੂਹ ਨੂੰ ਅੰਮ੍ਰਿਤ ਕਰ ਚਾ।
ਤੂੰ ਪੰਜਾਬ ਦਾ ਸੁਰਜਨ ਤਾਰਾ
ਪੰਜ ਨਦੀਆਂ ਦਾ ਵਾਲੀ।

# ਖ਼ਬਰਨਾਮਾ

## ਪਿੰਡ ਢਿੱਲਵਾਂ ਜ਼ਿਲ੍ਹਾ ਬਰਨਾਲਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**6 ਅਕਤੂਬਰ 2021**

ਪਿੰਡ ਢਿੱਲਵਾਂ ਜ਼ਿਲ੍ਹਾ ਬਰਨਾਲਾ, ਸੂਬਾ ਬਲਬੀਰ ਸਿੰਘ ਦਾ ਨਗਰ ਹੈ। ਸੂਬਾ ਬਲਬੀਰ ਸਿੰਘ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਲੰਮੇ ਸਮੇਂ ਤੋਂ ਮਾਲਵਾ ਇਲਾਕੇ ਤੋਂ ਲੰਗਰ ਦੀ ਉਗਰਾਹੀ ਦਾ ਕਾਰਜ ਆਪਣੇ ਸਾਥੀ ਸੂਬਾ ਇੰਦਰਜੀਤ ਸਿੰਘ ਅਤੇ ਕਾਹਲਾ ਸਿੰਘ ਗਹਿਲਾਂ ਦੇ ਨਾਲ ਪੂਰੀ ਤਨ ਦੇਹੀ ਨਾਲ ਕਰਦੇ ਆ ਰਹੇ ਹਨ। ਸੂਬਾ ਬਲਬੀਰ ਸਿੰਘ ਦੀ ਸਤਿਕਾਰਯੋਗ ਮਾਤਾ ਹਰਬੰਸ ਕੌਰ ਦੇ ਚੜ੍ਹਾਈ ਕਰਨ ’ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਢਿੱਲਵਾਂ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੂਬਾ ਬਲਵੀਰ ਸਿੰਘ ਨੇ ਸਮੇਤ ਆਪਣੇ ਭਰਾ ਸਰਪੰਚ ਧੰਨ ਸਿੰਘ ਤੇ ਹਰਪਾਲ ਸਿੰਘ ਸਮੇਤ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਮਾਤਾ ਹਰਬੰਸ ਕੌਰ ਦਾ ਭੋਗ ਆਪ ਜੀ ਦੀ ਹਜ਼ੂਰੀ ਵਿਚ ਪਾਇਆ ਜਾਵੇ ਤਾਂ ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਦੀ ਅਰਜ਼ ਪ੍ਰਵਾਨ ਕਰਦੇ ਹੋਏ 6 ਅਕਤੂਬਰ 2021 ਦਿਨ ਬੁੱਧਵਾਰ ਨੂੰ ਪਿੰਡ ਢਿਲਵਾਂ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਨੌਵੇਂ ਮਹੱਲੇ ਦੇ ਸਲੋਕ ਪੜ੍ਹਨ ਉਪਰੰਤ ਪਾਇਆ ਗਿਆ। ਪਰਿਵਾਰ ਤੇ ਇਲਾਕੇ ਦੀ ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ’ਤੇ ਸ਼ੁਕਰਾਨਾ ਕੀਤਾ। ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਸਜਾਇਆ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆ ਨਾਮ ਸਿਮਰਨ ਵਿੱਚ ਸਾਧ ਸੰਗਤ ਨੂੰ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

........................................................................

## ਪਿੰਡ ਬੀੜ ਗੁਰੂ ਕਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

**5 ਅਕਤੂਬਰ 2021**

ਪਿੰਡ ਬੀੜ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਸਥਾਪਿਤ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਨਿਵਾਜਸ਼ ਦਾ ਪਾਤਰ ਹੈ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਨਗਰ ਬੀੜ ਗੁਰੂ ਕੇ ਦੀ ਧਰਤੀ ਇਸ ਜ਼ਮੀਨ ਤੇ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਨਾਭੇ ਦੇ ਰਾਜਾ ਰਿਪੁਦਮਨ ਸਿੰਘ ਵੱਲੋਂ ਭੇਟ ਕੀਤੀ ਗਈ। ਇਸ ਜ਼ਮੀਨ ’ਤੇ ਸ੍ਰੀ ਸਤਿਗੁਰੂ ਜੀ ਨੇ ਲੋੜਵੰਦ ਨਾਮਧਾਰੀ ਸਿੰਘਾਂ ਨੂੰ ਵਸਾਉਣ ਦੀ ਕਿਰਪਾ ਕੀਤੀ। ਇੱਥੋਂ ਦੀ ਨਾਮਧਾਰੀ ਸਾਧ ਸੰਗਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਅਨੁਸਾਰ ਹਰ ਛੇ ਮਹੀਨੇ ਬਾਅਦ ਆਪਣੀ ਫਸਲ ਦੇ ਪੱਕਣ ਸਮੇਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਪਵਾਉਂਦੀ। ਇਸ ਵਾਰੀ ਸਾਧ ਸੰਗਤ ਦੇ ਅਰਜ਼ ਕਰਨ ’ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਜਪੁ-ਪ੍ਰਯੋਗ ਦੇ ਸਮੇਂ ਵਿੱਚੋਂ ਸਮਾਂ ਕੱਢ ਕੇ ਮਿਤੀ 5 ਅਕਤੂਬਰ 2021 ਦਿਨ ਮੰਗਲਵਾਰ ਨੂੰ ਪਿੰਡ ਬੀੜ ਵਿਖੇ ਨਾਮਧਾਰੀ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ’ਤੇ ਵਿਸ਼ੇਸ਼ ਧੰਨਵਾਦ ਕੀਤਾ ਅਤੇ ਅੱਗੇ ਵਾਸਤੇ ਵੀ ਇਸੇ ਤਰ੍ਹਾਂ ਕਿਰਪਾ ਬਣਾਈ ਰੱਖਣ ਦੀ ਬੇਨਤੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਭੋਗ ਸਮਾਪਤੀ ਬਾਅਦ ਸ. ਹਰਭਜਨ ਸਿੰਘ ਦੁੱਗਲ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਉੱਥੋਂ ਹੀ ਵਾਪਸ ਸ੍ਰੀ ਭੈਣੀ ਸਾਹਿਬ ਲਈ ਚੱਲ ਪਏ।

**ਸੂਬਾ ਬਲਵਿੰਦਰ ਸਿੰਘ ਝੱਲ**

........................................................................

## ਸ. ਅਵਤਾਰ ਸਿੰਘ ਲਾਲ ਜੀ ਦੇ ਗ੍ਰਹਿ ਵਿਖੇ ਅਖੰਡ ਪਾਠ ਦਾ ਭੋਗ

**27 ਅਕਤੂਬਰ 2021**

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਅਵਤਾਰ ਸਿੰਘ ਲਾਲ ਜੀ ਦਿੱਲੀ ਵਾਲਿਆਂ ਵਲੋਂ ਆਪਣੇ ਗ੍ਰਹਿ ਵਿਖੇ 27-10-2021 ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਆਰੰਭ ਕਰਵਾਇਆ ਗਿਆ ਅਤੇ 29-10-2021 ਨੂੰ ਸ੍ਰੀ ਅਖੰਡ ਪਾਠ ਦੀ ਸਮਾਪਤੀ ਉਪਰੰਤ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਭਗਵਾਨ ਸ੍ਰੀ ਵਿਸ਼ਕਰਮਾ ਜੀ ਦਾ ਜਸ ਕਰਦੇ ਹੋਇਆਂ ਹੱਲੇ ਦੇ ਦੀਵਾਨ ਦੇ ਰੂਪ ਵਿੱਚ ਕੀਰਤਨ ਕੀਤਾ। ਉਸ ਤੋਂ ਉਪਰੰਤ ਜਥੇਦਾਰ ਗੁਰਲਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਦਸਮ ਬਾਣੀ ਦੇ ਬਾਬਤ ਆਪਣੀਆਂ ਵਿਚਾਰਾਂ ਹੱਲੇ ਦੇ ਦੀਵਾਨ ਦੇ ਰੂਪ ਵਿੱਚ ਕੀਰਤਨ ਕਰਕੇ ਸਾਂਝੀਆਂ ਕੀਤੀਆਂ। ਸੁਣ ਕੇ ਸੰਗਤਾਂ ਅਨੰਦ ਵਿਭੋਰ ਹੋ ਗਈਆਂ। ਫਿਰ ਆਖਿਰ ਵਿਚ ਹਜ਼ੂਰੀ ਰਾਗੀ ਹਰਬੰਸ ਸਿੰਘ ਜੀ ਘੁੱਲਾ ਨੇ ਆਪਣੀ ਮਨ ਮੋਹਣੀ ਅਵਾਜ਼ ਨਾਲ ਗੁਰੂ ਕੀ ਬਾਣੀ ਦਾ ਕੀਰਤਨ ਨਿਰੋਲ ਤੰਤੀ ਸਾਜ਼ਾਂ ਦੇ ਨਾਲ ਕਰਕੇ ਆਈਆਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜ ਕੇ ਨਿਹਾਲ ਕੀਤਾ।

**ਗੁਰਦਿਆਲ ਸਿੰਘ ਲੱਕੀ (ਦਿੱਲੀ)**

.................................................................................

## ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ (ਸ੍ਰੀ ਭੈਣੀ ਸਾਹਿਬ) ਵਿਖੇ ਹੋਈ ਸਾਲਾਨਾ ਐਥਲੈਟਿਕ ਮੀਟ

**ਮਿਤੀ 29 ਅਤੇ 30 ਅਕਤੂਬਰ 2021**

ਸਾਡੇ ਗੁਰੂਆਂ, ਅਵਤਾਰਾਂ, ਮਹਾਂਪੁਰਸ਼ਾਂ ਨੇ ਸ਼ੁਰੂ ਤੋਂ ਹੀ ਨਰੋਏ ਸਰੀਰ ਨੂੰ ਅਹਿਮੀਅਤ ਦਿੱਤੀ ਹੈ। ਉਹਨਾਂ ਦਾ ਮੰਨਣਾ ਸੀ ਕਿ ਸਰੀਰ ਦੇ ਨਰੋਏ ਹੋਇਆਂ ਬਾਝੋਂ ਨਾ ਤੇ ਆਪਣਾ ਕੋਈ ਧਰਮ-ਕਰਮ ਹੋ ਸਕਦਾ ਹੈ ਅਤੇ ਨਾ ਹੀ ਕਿਸੇ ਗਰੀਬ ਦੀ ਸੇਵਾ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਮਨੁੱਖ ਧਨ ਪੱਖੋਂ ਬੇਸ਼ੱਕ ਕਮਜ਼ੋਰ ਹੋਵੇ ਪਰ ਸਰੀਰ ਪੱਖੋਂ ਕਮਜ਼ੋਰ ਨਹੀਂ ਹੋਣਾ ਚਾਹੀਦਾ। ਇਸੇ ਗੱਲ ਨੂੰ ਮੁਖ ਰੱਖਦਿਆਂ ਨਾਮਧਾਰੀ ਸੰਪਰਦਾ ਦੇ ਰਹਿਨੁਮਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਕੇਂਦਰ ਸ੍ਰੀ ਭੈਣੀ ਸਾਹਿਬ ਵਿੱਚ ਅੰਤਰ-ਰਾਸ਼ਟਰੀ ਹਾਕੀ ਦੀ ਟੀਮ ਤਿਆਰ ਕੀਤੀ। ਜਿਸ ਟੀਮ ਨੇ ਸਾਰੇ ਵਿਸ਼ਵ ਭਰ ਵਿੱਚ ਆਪਣਾ ਲੋਹਾ ਮਨਵਾਇਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੱਸੇ ਮਾਰਗ 'ਤੇ ਚੱਲਦਿਆਂ ਹੋਇਆਂ ਹੀ ਵਰਤਮਾਨ ਨਾਮਧਾਰੀ ਮੁਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੇ ਵਿੱਚ ਇਕ ਫੁੱਟਬਾਲ ਅਕੈਡਮੀ ਤਿਆਰ ਕੀਤੀ ਹੈ। ਜਿਸ ਵਿਚ ਦੇਸ਼ ਵਿਦੇਸ਼ ਦੇ ਬਹੁਤ ਹੀ ਅਨੁਭਵੀ ਕੋਚ ਸੈਂਕੜੇ ਬੱਚਿਆਂ ਨੂੰ ਪ੍ਰਸ਼ਿਕਸ਼ਣ ਕਰ ਰਹੇ ਹਨ। ਸਾਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਮਿਤੀ 29 ਅਤੇ 30 ਅਕਤੂਬਰ 2021 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ (ਸ੍ਰੀ ਭੈਣੀ ਸਾਹਿਬ) ਵਿੱਚ ਸਾਲਾਨਾ ਐਥਲੈਟਕਿ ਮੀਟ ਕਰਵਾਈ ਗਈ। ਜਿਸਦਾ ਨੇਤ੍ਰਤਵ ਪਿੰਸੀਪਲ ਸ਼੍ਰੀ ਪੁਨੀਤ ਚੰਦੇਲ ਜੀ ਅਤੇ ਵਾਈਸ ਪ੍ਰਿੰਸੀਪਲ ਸ. ਚਰਨਜੀਤ ਸਿੰਘ ਜੀ ਨੇ ਕੀਤਾ। ਸ. ਚਰਨਜੀਤ ਸਿੰਘ ਜੀ ਦਾ ਮੰਨਣਾ ਹੈ ਕਿ ਕੋਰੋਨਾ ਮਹਾਂਮਾਰੀ ਦੇ ਕਾਰਨ ਪਿਛਲੇ ਡੇਢ ਸਾਲ ਤੋਂ ਬੱਚੇ ਮੋਬਾਈਲ ਫੋਨਾਂ ਦੇ ਆਦੀ ਹੋ ਚੁੱਕੇ ਸਨ ਜਿਸਦਾ ਬੁਰਾ ਅਸਰ ਉਹਨਾਂ ਦੀ ਸਿਹਤ 'ਤੇ ਹੋ ਰਿਹਾ ਸੀ। ਬੱਚਿਆਂ ਦੇ ਸਰੀਰ ਨੂੰ ਨਰੋਆ ਰੱਖਣ ਲਈ ਹੀ ਇਹ ਐਥਲੈਟਕਿ ਮੀਟ ਕਰਵਾਈ ਗਈ। ਇਸ ਐਥਲੈਟਿਕ ਮੀਟ ਦੇ ਦੌਰਾਨ ਵੱਖ-ਵੱਖ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ ਸਨ। ਜਿਸ ਵਿੱਚ ਸਾਡੇ ਬਹੁਤ ਹੀ ਅਨੁਭਵੀ ਡੀ.ਪੀ. ਹਰਵਿੰਦਰ ਕੌਰ ਜੀ ਦੀ ਦੇਖ ਰੇਖ ਹੇਠ 100 ਮੀਟਰ, 200 ਮੀਟਰ, 400 ਮੀਟਰ ਦੌੜ, 800 ਮੀਟਰ ਦੌੜ, ਤਿੰਨ ਟੰਗੀ ਦੌੜ, ਰਿਲੇ ਦੌੜ, ਸ਼ਾੱਟ ਪੁਟ, ਲੌਂਗ ਜੰਪ, ਵਾਲੀਵਾਲ ਮੈਚ, ਕਬੱਡੀ, ਫਰਾਗ ਰੇਸ, ਬੈਕ ਰੇਸ, ਲੇਮਨ ਰੇਸ, ਬੈਡਮਿੰਟਨ ਆਦਿ ਖੇਡਾਂ ਕਰਵਾਈਆਂ ਗਈਆਂ। ਇਸ ਐਥਲੈਟਕਿ ਮੀਟ ਵਿੱਚ ਲੜਕੇ, ਲੜਕੀਆਂ ਅਤੇ ਛੋਟੇ ਬੱਚਿਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਦੇ ਮਾਤਾ ਪਿਤਾ ਨੇ ਇਸ ਮੀਟ ਦੀ ਸ਼ਾਲਾਘਾ ਕੀਤੀ। ਸ. ਚਰਨਜੀਤ ਸਿੰਘ ਜੀ ਨੇ ਜੇਤੂ ਬੱਚਿਆਂ ਨੂੰ ਪੁਰਸਕਾਰ ਵਿਤਰਣ ਕਰ ਉਹਨਾਂ ਦੀ ਹੌਂਸਲਾ ਅਫ਼ਜਾਈ ਕੀਤੀ।

**ਜਥੇ. ਹਰਪਾਲ ਸਿੰਘ**

.................................................................

# ਪੁਸਤਕ ਰੀਵਿਊ

**ਪੁਸਤਕ ਦਾ ਨਾਮ – ਪੰਜਾਬੀ ਭਾਸ਼ਾ : ਸਮਕਾਲੀ ਚਣੌਤੀਆਂ**
**ਸੰਪਾਦਕ – ਭਜਨ ਸਿੰਘ, ਗੁਰਲਾਲ ਸਿੰਘ, ਜਸਵੰਤ ਸਿੰਘ ਮਸਤ**
**ਪ੍ਰਕਾਸ਼ਕ – ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**




ਹਰ ਕੌਮ ਦਾ ਆਪਣਾ ਇਤਿਹਾਸ ਅਤੇ ਆਪਣੀ ਸਾਹਿਤਕ ਵਿਰਾਸਤ ਹੁੰਦੀ ਹੈ। ਜੋ ਭਾਸ਼ਾ 'ਤੇ ਨਿਰਭਰ ਹੁੰਦੀ ਹੈ, ਜੇ ਕੌਮ ਆਪਣੀ ਭਾਸ਼ਾ ਅਤੇ ਸਾਹਿਤਕ ਵਿਰਾਸਤ ਦਾ ਸਤਿਕਾਰ ਕਰਦੀ ਹੈ ਤਾਂ ਉਸ ਦਾ ਭਵਿੱਖ ਉੱਜਲਾ ਹੁੰਦਾ ਹੈ ਅਤੇ ਉਹ ਕੌਮ ਭਾਗਸ਼ਾਲੀ ਹੁੰਦੀ ਹੈ। ਜੋ ਕੌਮ ਇਸ ਦੇ ਉਲਟ ਆਪਣੀ ਕੌਮ ਦੀ ਵਿਰਾਸਤ ਦਾ ਸਤਿਕਾਰ ਨਹੀਂ ਕਰਦੀ ਅਤੇ ਆਪਣੀ ਭਾਸ਼ਾ ਨੂੰ ਛੱਡ ਕੇ ਦੂਜਿਆਂ ਪਿੱਛੇ ਭੱਜਦੀ ਹੈ। ਉਸ ਕੌਮ ਦਾ ਵਰਤਮਾਨ ਧੁੰਦਲਾ ਅਤੇ ਭਵਿੱਖ ਖ਼ਤਮ ਹੋ ਜਾਂਦਾ ਹੈ।

ਪੰਜਾਬੀ ਭਾਸ਼ਾ ਦਾ ਇਤਿਹਾਸ ਸ਼ਾਨਾਂਮੱਤਾ ਰਿਹਾ ਹੈ ਇਸ ਦਾ ਆਗਮਨ ਕਈ ਰੂਪਾਂ ਵਿੱਚ ਗੁਜ਼ਰਦਾ ਹੋਇਆ ਵਰਤਮਾਨ ਸਮੇਂ ਤੱਕ ਪੁੱਜਾ ਹੈ। ਇਸ ਦਾ ਮੁੱਢਲਾ ਰੂਪ ਨੌਵੀਂ ਸਦੀ ਵਿਚ ਨਾਥ ਜੋਗੀਆਂ ਦੇ ਧੂਣਿਆਂ 'ਤੇ ਪੈਦਾ ਹੋਇਆ ਅਤੇ ਇਸ ਦੇ ਮੁੱਢਲੇ ਖੇਤਰ ਦਿੱਲੀ ਤੋਂ ਲੈ ਕੇ ਕਾਬੁਲ ਅਫਗਾਨਿਸਤਾਨ ਤੱਕ ਰਹੇ। ਬਾਬਾ ਫ਼ਰੀਦ, ਸ਼ਾਹ ਹੁਸੈਨ ਅਤੇ ਬੁੱਲ੍ਹੇ ਸ਼ਾਹ ਦੀਆਂ ਕਲਮਾਂ ਨੇ ਮਿੱਠੀਆਂ ਲੋਰੀਆਂ ਦਿੱਤੀਆਂ ਅਤੇ ਰੱਬੀ ਕਲਮਾਂ ਦੀ ਰਚਨਾ ਕੀਤੀ। ਜੋ ਅੱਜ ਵੀ ਪਾਠਕ ਪੜ੍ਹ ਕੇ ਇਲਾਹੀ ਰੰਗ ਵਿੱਚ ਸ਼ਰਸ਼ਾਰ ਹੋ ਉੱਠਦਾ ਹੈ ਤੇ ਮੰਤਰ ਮੁਗਧ ਹੋ ਕੇ ਉਸਦਾ ਮਨ ਰੱਬੀ ਖੇਡ ਵਿਚ ਨੱਚ ਪੈਂਦਾ ਹੈ। ਇਸ ਪੰਜਾਬੀ ਭਾਸ਼ਾ ਵਿੱਚ ਮੰਤਰ ਮੁਗਧ ਹੋ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ ਦੀ ਰਚਨਾ ਕਰਕੇ ਮਨੁੱਖਾਂ ਨੂੰ ਗੁਰਮੁਖ ਬਣਾ ਦਿੱਤਾ ਸੀ ਅਤੇ ਫੇਰ ਪੰਚਮ ਪਾਤਸ਼ਾਹ ਜੀ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਇਕੱਤਰ ਕਰਕੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਪ੍ਰਗਟ ਕੀਤੀ ਸੀ।

ਏਨਾ ਕੁਝ ਹੁੰਦਿਆਂ ਹੋਇਆਂ ਇਸ ਦੇ ਵਾਰਸਾਂ ਨੇ ਇਸ 'ਤੇ ਕੋਈ ਘੱਟ ਨਹੀਂ ਗੁਜ਼ਾਰੀ ਸਗੋਂ ਸਮੇਂ-ਸਮੇਂ ਇਸ ਦੇ ਅਧਿਕਾਰ ਖੇਤਰ ਘੱਟਦੇ ਹੀ ਰਹੇ ਹਨ। ਕਦੇ ਪੰਜਾਬ ਦਿੱਲੀ ਤੱਕ ਹੁੰਦਾ ਸੀ। ਪ੍ਰੰਤੂ 1947 ਨੇ ਇਸ ਦਾ ਲੱਕ ਤੋੜ ਦਿੱਤਾ। ਪਾਕਿਸਤਾਨ ਬਣਨ ਨਾਲ ਵੰਡ ਦੋ ਹਿੱਸਿਆਂ ਵਿੱਚ ਕਰ ਦਿੱਤੀ। ਇਕ ਹਿੱਸਾ ਪਾਕਿਸਤਾਨ ਵਾਲਾ ਪੰਜਾਬ ਅਤੇ ਦੂਜਾ ਹਿੱਸਾ ਹਿੰਦੁਸਤਾਨ ਵਾਲਾ ਪੰਜਾਬ ਕਹਾਇਆ। ਪਾਕਿਸਤਾਨ ਵਾਲੇ ਪੰਜਾਬ ਵਿੱਚ ਉਰਦੂ ਭਾਸ਼ਾ ਦੀ ਪ੍ਰਧਾਨਤਾ ਹੋ ਗਈ ਅਤੇ ਹਿੰਦੋਸਤਾਨ ਵਿਚ ਅੰਗਰੇਜ਼ੀ-ਹਿੰਦੀ ਦੀ ਪ੍ਰਧਾਨਤਾ ਹੋ ਗਈ। ਸਕੂਲਾਂ ਤੇ ਕਾਲਜਾਂ ਵਿੱਚ ਅੰਗਰੇਜ਼ੀ ਬੋਲਣ ਅਤੇ ਲਿਖਣ ਵਿੱਚ ਆਪਣੇ ਆਪ ਨੂੰ ਉੱਚਾ ਸਮਝਿਆ ਜਾਣ ਲੱਗਾ। ਹਿੰਦੋਸਤਾਨੀ ਪੰਜਾਬ ਵਿੱਚੋਂ ਪੰਜਾਬੀ ਸੂਬਾ ਬਣ ਜਾਣ ਨਾਲ ਪੰਜਾਬ ਦੇ ਤਿੰਨ

ਹਿੱਸੇ ਬਣ ਗਏ ਅਤੇ ਪੰਜਾਬੀ ਸੂਬੇ ਦੇ ਨਾਲ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵੀ ਹੋਂਦ ਵਿੱਚ ਆ ਗਏ। ਇਨ੍ਹਾਂ ਦੇ ਬਣਨ ਨਾਲ ਪੰਜਾਬੀ ਭਾਸ਼ਾ ਦੀ ਉੱਨਤੀ ਵਿਚ ਕਾਫ਼ੀ ਖੜੋਤ ਆ ਗਈ। ਹਿਮਾਚਲ ਦੇ ਸਕੂਲ ਕਾਲਜਾਂ ਵਿੱਚ ਪੰਜਾਬੀ ਬਹੁਤ ਘੱਟ ਪੜ੍ਹਾਈ ਜਾਂਦੀ ਹੈ। ਹਰਿਆਣਾ ਪ੍ਰਾਂਤ ਵਿੱਚ ਕੁਝ ਸੁਧਾਰ ਆਏ ਹਨ। ਸਿਰਸਾ, ਹਿਸਾਰ, ਸ੍ਰੀ ਜੀਵਨ ਨਗਰ ਦਾ ਇਲਾਕੇ ਜਿੱਥੇ ਨਾਮਧਾਰੀ ਸਿੱਖਾਂ ਦੇ ਵਸੇਬੇ ਕਾਰਨ ਪੰਜਾਬੀ ਭਾਸ਼ਾ ਦਿਨ ਦੂਣੀ ਰਾਤ ਚੌਗੁਣੀ ਉੱਨਤੀ ਕਰ ਰਹੀ ਹੈ। ਭਾਵੇਂ ਨਾਥ ਜੋਗੀਆਂ ਤੋਂ ਲੈ ਕੇ ਗੁਰੂ ਸਾਹਿਬਾਨ ਅਤੇ ਵਰਤਮਾਨ ਸਮੇਂ ਮਹਾਂਪੁਰਸ਼ਾਂ ਨੇ ਪੰਜਾਬੀ ਭਾਸ਼ਾ ਨੂੰ ਮਾਣ ਸਤਿਕਾਰ ਬਖ਼ਸ਼ਿਆ ਹੈ। ਪ੍ਰੰਤੂ ਅਜੇ ਤੱਕ ਕਿਸੇ ਰਾਜ ਸਰਕਾਰ ਨੇ ਇਸ ਨੂੰ ਆਸਰਾ ਨਹੀਂ ਦਿੱਤਾ, ਕਹਿਣ ਨੂੰ ਤਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਇਤਿਹਾਸ ਵਿੱਚ ਖ਼ਾਲਸਾ ਰਾਜ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਪ੍ਰੰਤੂ ਖ਼ਾਲਸਾ ਰਾਜ ਵਿੱਚ ਵੀ ਬ੍ਰਾਹਮਣ ਡੋਗਰਿਆਂ ਤੇ ਪਹਾੜੀਆਂ ਦਾ ਬੋਲਬਾਲਾ ਰਿਹਾ ਅਤੇ ਰਾਜ ਭਾਸ਼ਾ ਵਜੋਂ ਉਰਦੂ ਦਾ ਬੋਲਬਾਲਾ ਰਿਹਾ ਅਤੇ ਪੰਜਾਬੀ ਭਾਸ਼ਾ ਦੀ ਕੋਈ ਪੁੱਛ ਪ੍ਰਤੀਤ ਨਾ ਹੋਈ।

1947 ਈ. ਵਿੱਚ ਹਿੰਦੁਸਤਾਨ ਆਜ਼ਾਦ ਹੋਇਆ ਤਾਂ ਸਤਲੁਜ ਪਾਰ ਦੇ ਪੰਜਾਬ ਵਿੱਚ ਪੈਪਸੂ ਰਾਜ ਹੋਂਦ ਵਿੱਚ ਆਇਆ। ਪੰਜਾਬੀ ਭਾਸ਼ਾ ਦੇ ਉੱਨਤੀ ਦੇ ਯਤਨ ਕੀਤੇ ਜਾਣ ਲੱਗੇ। ਪਟਿਆਲਾ ਵਿਚ ਮਹਾਰਾਜਾ ਨੇ ਰੀਮਿੰਗਟਨ ਟਾਈਪ ਮਸ਼ੀਨ ਦੀ ਸਭ ਤੋਂ ਪਹਿਲਾਂ ਪੰਜਾਬੀ ਫੌਂਟ ਵਿੱਚ ਟਾਈਪ ਮਸ਼ੀਨ ਤਿਆਰ ਕੀਤੀ। ਜੋ ਇੰਗਲੈਂਡ ਤੋਂ ਆਈ ਸੀ, ਮਹਿਕਮਾ ਪੰਜਾਬੀ ਹੋਂਦ ਵਿੱਚ ਆਇਆ, ਜਿੱਥੋਂ ਹਰ ਮਹੀਨੇ ਪੰਜਾਬੀ ਦੁਨੀਆਂ ਅਤੇ ਜਨ ਸਾਹਿਤ ਰਸਾਲੇ ਪ੍ਰਕਾਸ਼ਤ ਕੀਤੇ ਜਾਣ ਲੱਗੇ। ਪੁਰਾਤਨ ਗ੍ਰੰਥ ਪੰਜਾਬੀ ਵਿੱਚ ਪ੍ਰਕਾਸ਼ਿਤ ਕੀਤੇ ਜਾਣ ਲੱਗੇ। ਇਸ ਮਹਿਕਮੇ ਨੂੰ ਕਿਲ੍ਹਾ ਮੁਬਾਰਕ ਵਿੱਚ ਸਥਾਪਨ ਕੀਤਾ ਗਿਆ। ਬਾਅਦ ਵਿੱਚ ਉਸ ਦਾ ਦਫ਼ਤਰ ਗੇਟ ਸ਼ੇਰਾਂਵਾਲਾ ਪਟਿਆਲੇ ਸਥਾਪਿਤ ਕੀਤਾ ਗਿਆ ਅਤੇ ਉਸ ਦਾ ਨਾਮ ਭਾਸ਼ਾ ਵਿਭਾਗ (ਪੰਜਾਬ) ਹੋ ਗਿਆ। ਏਸੇ ਤਰ੍ਹਾਂ ਭਾਸ਼ਾ ਦੀ ਉੱਨਤੀ ਲਈ ਪੰਜਾਬੀ ਯੂਨੀਵਰਸਿਟੀ ਹੋਂਦ ਵਿੱਚ ਹੋਈ। ਜਿਸ ਲਈ ਯਤਨ ਭਾਈ ਜੋਧ ਸਿੰਘ ਜੀ ਨੇ ਕੀਤੇ ਸਨ। ਭਾਵੇਂ ਇਹ ਯਤਨ ਸ਼ਲਾਘਾਯੋਗ ਹਨ ਅਤੇ ਅਨੇਕ ਖੋਜ ਕਾਰਜ ਦਿਨ ਰਾਤ ਯੂਨੀਵਰਸਿਟੀ ਵਿਚ ਹੋ ਰਹੇ ਹਨ। ਪ੍ਰੰਤੂ ਇਹ ਯਤਨ ਵਿਆਪਕ ਪੱਧਰ ’ਤੇ ਯੂਨੀਵਰਸਿਟੀਆਂ ਤੱਕ ਹੋ ਕੇ ਰਹਿ ਜਾਂਦੇ ਹਨ। ਆਮ ਜਨਤਾ ਨੂੰ ਇਨ੍ਹਾਂ ਬਾਰੇ ਕੋਈ ਪਤਾ ਨਹੀਂ ਲੱਗਦਾ, ਕੋਈ ਗਿਆਨ ਹਾਸਲ ਨਹੀਂ ਹੁੰਦਾ। ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਬੜੀ ਡੂੰਘੀ ਸੋਚ-ਸੋਚ ਕੇ ਪ੍ਰਸਿੱਧ ਵਿਦਵਾਨਾਂ ਨੂੰ ਬੁਲਾ ਕੇ ਪੰਜਾਬੀ ਭਾਸ਼ਾ ਬਾਰੇ 13 ਅਕਤੂਬਰ 2019 ਨੂੰ ਇਕ ਸੈਮੀਨਾਰ ਆਯੋਜਿਤ ਕੀਤਾ ਸੀ। ਇਸ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੇਂ-ਸਮੇਂ ਅਨੇਕ ਸੈਮੀਨਾਰ ਸ੍ਰੀ ਭੈਣੀ ਸਾਹਿਬ, ਪਟਿਆਲਾ, ਅੰਮ੍ਰਿਤਸਰ, ਦਿੱਲੀ ਵਿਖੇ ਪੰਜਾਬੀ ਭਾਸ਼ਾ ਬਾਰੇ ਕਰਵਾਉਂਦੇ ਰਹੇ ਸਨ ਅਤੇ ਫਿਰ ਸਤਿਜੁਗ ਅਖ਼ਬਾਰ ਦੇ ਸਮੇਂ-ਸਮੇਂ ਵਿਸ਼ੇਸ਼ ਅੰਕ ਛਪਾ ਕੇ ਸਾਹਿਤ ਜਗਤ ਸਿਰ ਅਹਿਸਾਨ ਕਰਦੇ ਰਹੇ।

ਇਸ ਵਾਰ ਦਾ ਸੈਮੀਨਾਰ ਲਾ ਮਿਸਾਲ ਸੀ ਅਤੇ ਕੁੱਲ ਸਤਾਰਾਂ ਵਿਦਵਾਨਾਂ ਨੇ ਪੰਜਾਬੀ ਭਾਸ਼ਾ ਦੇ ਵੱਖ-ਵੱਖ ਖੇਤਰਾਂ ਬਾਰੇ ਵੱਖ-ਵੱਖ ਪੇਪਰ ਰਚ ਕੇ ਨਾਮਧਾਰੀ ਜਗਤ ਦੇ ਪਾਠਕਾਂ ਨੂੰ ਗਿਆਨ ਦੇ ਕੇ ਸ਼ਲਾਘਾਯੋਗ ਕਾਰਜ ਕੀਤਾ। ਇਨ੍ਹਾਂ ਪੇਪਰਾਂ ਨੂੰ ਸਤਿਜੁਗ ਅਖ਼ਬਾਰ ਦੇ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਿਤ ਕਰ ਕੇ ਦੇਸ਼ ਵਿਦੇਸ਼ਾਂ ਵਿੱਚ ਉਹਨਾ ਪੇਪਰਾਂ ਨੂੰ ਪਹੁੰਚਾਇਆ ਗਿਆ। ਫਿਰ 2021 ਈ. ਵਿੱਚ ਭਜਨ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ ਮਸਤ ਜੀ ਨੇ ਵਿਦਵਤਾ ਪੂਰਵਕ ਉਨ੍ਹਾਂ ਪੇਪਰਾਂ ਨੂੰ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਤੋਂ ਵਧੀਆ ਪੇਪਰ ਅਤੇ ਚੰਗੇ ਗੈਟਅੱਪ ਨਾਲ ਪ੍ਰਕਾਸ਼ਿਤ ਕਰਕੇ ਪੰਜਾਬੀ ਪਿਆਰਿਆਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਹ ਇੱਕ ਚੰਗੀ ਸ਼ੁਰੂਆਤ ਕੀਤੀ ਹੈ। ਪੰਜਾਬੀ ਭਾਸ਼ਾ ਦੀ ਕਿਵੇਂ ਉੱਨਤੀ ਹੋਵੇ। ਜੋ ਲੋਕ ਪੰਜਾਬੀ ਭਾਸ਼ਾ ਦਾ ਤਿਆਗ ਕਰਕੇ ਹਿੰਦੀ ਅੰਗਰੇਜ਼ੀ ਭਾਸ਼ਾਵਾਂ ਦੀ ਘਰਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਖੁੱਲ੍ਹੀ ਵਰਤੋਂ ਕਰਦੇ ਹਨ। ਉਨ੍ਹਾਂ ਨੂੰ ਇਸ ਪੁਸਤਕ ਦੁਆਰਾ ਸ਼ੁਭ ਸਿੱਖਿਆ ਦਿੱਤੀ ਹੈ। ਇਹ ਪੁਸਤਕ ਇਕ ਅਥਾਹ ਸਮੁੰਦਰ ਹੈ ਜੋ ਯਤਨਾਂ ਦੁਆਰਾ ਇਕ ਕੁੱਜੇ ਵਿਚ ਬੰਦ ਕਰ ਦਿੱਤੀ ਹੈ। ਸਤਿਗੁਰੂ ਜੀ ਨੂੰ ਕਿਰਪਾ ਕਰਨੀ ਚਾਹੀਦੀ ਹੈ ਕਿ ਅਜਿਹੇ ਯਤਨ ਹਰ ਸਾਲ ਹੋਣੇ ਚਾਹੀਦੇ ਹਨ। ਮੈਂ ਇਨ੍ਹਾਂ ਯਤਨਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਪੰਜਾਬੀ ਬਾਰੇ ਵਿਦਵਤਾ ਭਰਪੂਰ ਪੁਸਤਕ ਦੀ ਪ੍ਰਕਾਸ਼ਨਾ ’ਤੇ ਭਜਨ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ ਜੀ ਨੂੰ ਵਧਾਈਆਂ ਦਿੰਦਾ ਹਾਂ, ਆਸ ਕਰਦਾ ਹਾਂ ਕਿ ਭਵਿੱਖ ਵਿੱਚ ਵੀ ਉਹ ਐਸੀਆਂ ਮੌਲਿਕ ਪੁਸਤਕਾਂ ਦੀ ਰਚਨਾ ਵੀ ਕਰਦੇ ਰਹਿਣਗੇ ਅਤੇ ਵਿਸ਼ੇਸ਼ ਪੁਸਤਕਾਂ ਦੀ ਸੰਪਾਦਨਾ ਵੀ ਕਰਦੇ ਰਹਿਣਗੇ।

**ਦਵਿੰਦਰ ਸਿੰਘ ਗਿੱਲ (ਜੀਆ ਨੱਥਾ)**

## ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਵਿਖੇ ਹੋਈ ਸਾਲਾਨਾ ਅਥਲੈਟਿਕ ਮੀਟ ਦੀਆਂ ਝਲਕੀਆਂ 29-30 ਅਕਤੂਬਰ 2021

















Date of Publication: 21 November 2021
Date of Posting: 23 November 2021

RNI NO.55658/93
LDM/008/2021-2023



– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.